# ਆਸਮਾਨੀ ਫ਼ੈਸਲਾ

## (ਆਕਾਸ਼ੀ ਫ਼ੈਸਲਾ)

ਸੂਖਮ ਰਚਨਾ

ਸਯੱਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ
ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ

# ਆਸਮਾਨੀ ਫ਼ੈਸਲਾ

## (ਆਕਾਸ਼ੀ ਫ਼ੈਸਲਾ)

ਸੂਖ਼ਮ ਰਚਨਾ
ਸਯੱਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ
ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ

# ਆਸਮਾਨੀ ਫ਼ੈਸਲਾ

## (ਆਕਾਸ਼ੀ ਫ਼ੈਸਲਾ)

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ
## ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ


ਸੰਸਕਰਣ ਪਹਿਲਾ : ਮਈ 2024

ਗਿਣਤੀ : 200

ਅਨੁਵਾਦਕ : ਐਮ.ਐਮ. ਤਯੱਬ (ਐਮ.ਏ)

ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ
ਸਦਰ ਅੰਜੁਮਨ ਅਹਮਦੀਆ ਕਾਦੀਆਂ
ਜ਼ਿਲ੍ਹਾ ਗੁਰਦਾਸਪੁਰ,ਪੰਜਾਬ,ਭਾਰਤ
143516

ਪ੍ਰੈਸ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ



# Aasmani Faisla

## (Aakashi Faisla)

## Hazrat Mirza Ghulam Ahmad Qadiani
## Masih Maood w Mahdi Mahood (AS)


Translated By : M.M. TAYYAB (M.A)

First Edition : May 2024
Copies : 200
Published By : Nazarat Nashr-o-Ishat
Sadr Anjuman Ahmadiyya
Qadian Dist. Gurdaspur,
Punjab India 143516
Printed At : Fazle Umar Printing Press



ਹਜ਼ਰਤ ਮਿਰਜ਼ਾ ਗੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ

# ਲੇਖਕ ਬਾਰੇ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ, ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ 1835 ਈ. ਵਿੱਚ ਭਾਰਤ ਦੇ ਸੂਬਾ ਪੰਜਾਬ ਦੇ ਇਕੱ ਕਸਬੇ ਕਾਦੀਆਂ ਵਿਚੱ ਪੈਦਾ ਹੋਏ । ਪਹਿਲੀ ਉਮਰ ਵਿਚੱ ਹੀ ਆਪ ਇਲਾਹੀ ਇਬਾਦਤ, ਦੁਆਵਾਂ, ਕੁਰਆਨੇ ਕਰੀਮ ਦੇ ਸਿਮਰਣ ਅਤੇ ਹੋਰਨਾਂ ਧਾਰਮਿਕ ਪੁਸਤਕਾਂ ਦੇ ਅਧਿਐਨ ਵਿਚੱ ਲੀਨ ਰਹਿੰਦੇ ਸਨ । ਇਸਲਾਮ ਜੋ ਕਿ ਉਸ ਸਮੇਂ ਚਾਰੋਂ ਪਾਸਿਓਂ ਦੁਸ਼ਮਣਾ ਦਾ ਸ਼ਿਕਾਰ ਬਣਿਆ ਹੋਇਆ ਸੀ, ਉਸ ਦੀ ਰਹਿਮਯੋਗ ਅਵਸਥਾ ਵੇਖ ਕੇ ਆਪ ਅਲੈਹਿ ਸਲਾਮ ਨੂੰ ਬਹੁਤ ਦੁਖੱ ਹੁੰਦਾ । ਇਸਲਾਮ ਦੀ ਪ੍ਰਤੀਰਖਿੱਆ ਅਤੇ ਇਸ ਦੀ ਸਿਖਿੱਆਵਾਂ ਨੂੰ ਇਸ ਦੀ ਆਪਣੀ ਅਵਸਥਾ ਵਿਚੱ ਸੰਸਾਰ ਦੇ ਸਾਮ੍ਹਣੇ ਪੈਸ਼ ਕਰਨ ਲਈ ਆਪ ਅਲੈਹਿ ਸਲਾਮ ਨੇ 90 ਤੋਂ ਵਧੱ ਕਿਤਾਬਾਂ ਲਿੱਖੀਆਂ ਅਤੇ ਹਜ਼ਾਰਾਂ ਹੀ ਪਤੱਰ ਲਿੱਖੇ ਅਤੇ ਅਨੇਕਾਂ ਹੀ ਧਾਰਮਿਕ ਗੋਸ਼ਟੀਆਂ ਅਤੇ ਵਿਚਾਰ ਵਟਾਂਦਰੇ ਕੀਤੇ । ਆਪ ਅਲੈਹਿ ਸਲਾਮ ਨੇ ਦਸਿੱਆ ਕਿ ਇਸਲਾਮ ਹੀ ਉਹ ਜੀਊਂਦਾ ਧਰਮ ਹੈ । ਜੋ ਮਨੁਖੱ ਦਾ ਸੰਬੰਧ ਆਪਣੇ ਹਕੀਕੀ ਸਿਰਜਣਹਾਰ ਨਾਲ ਪੈਦਾ ਕਰ ਸਕਦਾ ਹੈ ਅਤੇ ਇਸੇ ਦੀ ਪੈਰ੍ਹਵੀ ਨਾਲ ਆਚਰਣਕ ਅਤੇ ਆਤਮਿਕ ਰਸ ਮੰਡਲੀਆਂ ਹਾਸਲ ਕਰ ਸਕਦਾ ਹੈ ।

ਛੋਟੀ ਉਮਰ ਵਿਚੱ ਹੀ ਆਪ ਅਲੈਹਿ ਸਲਾਮ ਸੱਚੇ ਸੁਪਨਿਆ, ਦਿਵਦ੍ਰਿਸ਼, ਇਲਾਹੀ ਕਲਾਮ ਅਤੇ ਸੰਬੋਧਨਾ ਨਾਲ ਮੁਸ਼ਰੱਫ਼ ਹੋਏ । 1889 ਈ. ਵਿਚੱ

ਆਪ ਅਲੈਹਿ ਸਲਾਮ ਨੇ ਇਲਾਹੀ ਹੁਕਮ ਅਨੁਸਾਰ ਬੈਅਤ ਲੈਣਾ ਆਰੰਭ ਕੀਤਾ ਅਤੇ ਇਕੱ ਪਵਿਤੱਰ ਜਮਾਅਤ ਦੀ ਨੀਂਹ ਰੱਖੀ। ਦਿਨ ਪ੍ਰਤੀਦਿਨ ਇਲਾਹੀ ਸੰਬੋਧਨਾ ਅਤੇ ਇਲਾਹੀ ਕਲਾਮ ਵਿਚੱ ਤਰੱਕੀ ਹੁੰਦੀ ਗਈ ਅਤੇ ਆਪ ਅਲੈਹਿ ਸਲਾਮ ਨੇ ਹੁਕਮੇ ਇਲਾਹੀ ਅਨੁਸਾਰ ਹੀ ਇਹ ਐਲਾਨ ਕੀਤਾ ਕਿ ਆਪ ਹੀ ਉਹ ਅੰਤਿਮ ਯੁਗੱ ਦੇ ਸੁਧਾਰਕ (ਮੁਸਲਿਹ ਆਖਿਰੁੱਜ਼ਮਾਂ) ਹਨ। ਜਿਸ ਦੀਆਂ ਪਹਿਲਾਂ ਤੋਂ ਹੀ ਖ਼ਬਰਾਂ ਮੌਜੂਦ ਹਨ ਅਤੇ ਵਿਸ਼ਵ ਭਰ ਵਿਚੱ ਵਖੱ ਵਖੱ ਨਾਵਾਂ ਨਾਲ ਮੌਜੂਦ ਹਨ। ਆਪ ਅਲੈਹਿ ਸਲਾਮ ਨੇ ਇਹ ਵੀ ਦਾਅਵਾ ਕੀਤਾ ਕਿ ਆਪ ਹੀ ਉਹ ਮਸੀਹ ਅਤੇ ਮਹਦੀ ਹਨ। ਜਿਸ ਦੇ ਆਉਣ ਦੀਆਂ ਭਵਿਖੱਬਾਣੀਆਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲਮ ਨੇ ਕੀਤੀ ਸੀ। ਹੁਣ ਅਹਮਦੀਆ ਮੁਸਲਿਮ ਜਮਾਅਤ ਸੰਸਾਰ ਦੇ ਦੋ ਸੌ ਤੋਂ ਵਧੱ ਦੇਸ਼ਾ ਵਿਚੱ ਸਥਾਪਤ ਹੋ ਚੁੱਕੀ ਹੈ। 1908 ਈ. ਵਿਚੱ ਆਪ ਅਲੈਹਿ ਸਲਾਮ ਦੇ ਸਵਰਗ ਸਿਧਾਰਣ ਮਗਰੋਂ ਕੁਰਆਨੇ ਮਜੀਦ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀਆਂ ਭਵਿਖੱਬਾਣੀਆਂ ਅਨੁਸਾਰ ਆਪ ਅਲੈਹਿ ਸਲਾਮ ਦੇ ਮਿਸ਼ਨ ਦੀ ਸੰਪੂਰਨਤਾ ਲਈ ਨਿਜ਼ਾਮੇ ਖ਼ਿਲਾਫ਼ਤ ਦੀ ਸਥਾਪਨਾ ਹੋਈ। ਹਜ਼ਰਤ ਮਿਰਜ਼ਾ ਮਸਰੂਰ ਅਹਮਦ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਆਪ ਅਲੈਹਿ ਸਲਾਮ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਅਤੇ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਅਤ ਦੇ ਵਰਤਮਾਨ ਰੂਹਾਨੀ ਇਮਾਮ ਹਨ।

# ਮੁਖੱ ਬੰਦ

ਜਦੱ ਮੀਆਂ ਨਜ਼ੀਰ ਹੁਸੈਨ ਸਾਹਿਬ ਦੇਹਲਵੀ ਅਤੇ ਮੌਲਵੀ ਮੁਹੰਮਦ ਹੁਸੈਨ ਬਟਾਲਵੀ ਅਤੇ ਹੋਰਨਾਂ ਮੌਲਵੀਆਂ ਨੇ ਹਜ਼ਰਤ ਮਸੀਹ ਈਸਾ ਅਲੈਹਿ ਸਲਾਮ ਦੇ ਜੀਵਨ ਅਤੇ ਮੌਤ ਦੇ ਮਸਲੇ ਉੱਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਬਹਿਸ ਕਰਨ ਤੋਂ ਇੰਨਕਾਰ ਕੀਤਾ, ਪਰੰਤੂ ਆਪ ਨੂੰ ਕਾਫ਼ਰ ਕਹਿਣ ਤੋਂ ਨ ਮੁੜੇ ਤਾਂ ਹਜ਼ੂਰ ਨੇ ਦਸੰਬਰ 1891 ਈ. ਵਿਚੱ ਰਿਸਾਲਾ “ਆਸਮਾਨੀ ਫ਼ੈਸਲਾ (ਆਕਾਸ਼ੀ ਫ਼ੈਸਲਾ)” ਲਿਖਿੱਆ । ਜਿਸ ਵਿਚੱ ਉਹਨਾ ਦੇ ਇੰਨਕਾਰ ਦੀ ਵਾਸਤਵਿਕਤਾ ਪ੍ਰਕਟ ਕਰਦੇ ਹੋਏ ਸਾਰੇ ਮੌਲਵੀਆਂ, ਸਜਾਦਾ ਨਸ਼ੀਨਾਂ ਅਤੇ ਵਿਸ਼ੇਸ਼ ਰੂਪ ਵਿਚੱ ਮੀਆਂ ਨਜ਼ੀਰ ਹੁਸੈਨ ਸਾਹਿਬ ਨੂੰ ਜੋ ਸ਼ੈਖ਼-ਉਲੱ-ਕੁਲੱ ਹੋਣ ਦੇ ਸਬਬ ਹੋਰਨਾਂ ਮੁਸਲਮਾਨਾਂ ਉੱਤੇ ਵਿਦਿਅਕ ਯੋਗਤਾ ਰਖੱਦੇ ਸਨ ਚਮਤਕਾਰ ਵਿਖਾਉਣ ਦੀ ਮੰਗ ਕੀਤੀ ਅਤੇ ਉਹਨਾ ਨੂੰ ਸੰਬੋਧਨ ਕਰਦਿਆਂ ਹੋਇਆ ਫ਼ਰਮਾਇਆ ਕਿ ਕਾਮਲ ਮੋਮਿਨ ਬਾਰੇ ਕੁਰਆਨੇ ਮਜੀਦ ਅਤੇ ਹਦੀਸਾਂ ਵਿਚੱ ਦੱਸੀਆਂ ਹੋਈਆਂ ਨਿਸ਼ਾਨੀਆਂ ਵਿਚੱ ਮੇਰੇ ਨਾਲ ਮੁਕਾਬਲਾ ਕਰਨ । ਪਰੰਤੂ ਕਿਸੇ ਨੂੰ ਇਸ ਮੁਕਾਬਲੇ ਲਈ ਆਪ ਦੇ ਸਾਹਮਣੇ ਆਉਣ ਦੀ ਜੁਰੱਤ ਨ ਹੋਈ । ਇਸੇ ਪ੍ਰਕਾਰ ਹਜ਼ੂਰ ਨੇ ਜਮਾਅਤ ਵਿਚੱ ਦਾਖਲ ਹੋਣ ਲਈ ਬੈਅਤ ਕਰਨ ਵਾਲਿਆਂ ਸਾਹਮਣੇ ਬੈਅਤ ਦੇ ਮੰਤਵ ਅਤੇ ਉਦੇਸ਼ਿਆਂ ਨੂੰ ਪ੍ਰਕਟ ਕਰਦਿਆਂ ਹੋਇਆ ਵਾਰ ਵਾਰ ਆਣ ਕੇ ਸੰਗਤ ਵਿਚੱ ਰਹਿਣ ਅਤੇ ਮੁਲਾਕਾਤ ਦੇ ਉਦੇਸ਼ ਨਾਲ ਘੱਟੋ ਘਟੱ ਤਿੰਨ ਦਿਨ ਜਲਸੇ ਲਈ ਨਿਰਧਾਰਤ ਕਰਕੇ ਇਸ ਵਿਚੱ ਹਾਜ਼ਰ ਹੋਣ ਦੀ ਦਾਅਵਤ ਦਿੱਤੀ, ਜਿਸ ਲਈ ਹਜ਼ੂਰ ਨੇ ਭਵਿਖੱ ਦੀ 27 ਦਸੰਬਰ ਦੀ ਮਿੱਤੀ ਨਿਰਧਾਰਤ ਕੀਤੀ ।

ਹਜ਼ੂਰ ਅਲੈਹਿ ਸਲਾਮ ਦੀ ਇਹ ਇਮਾਨ ਵਿਚੱ ਵਾਧਾ ਕਰਨ ਵਾਲੀ ਰਚਨਾ ਇਸ ਗਲੱ ਦੀ ਮੰਗ ਕਰਦੀ ਹੈ ਕਿ ਇਸ ਨੂੰ ਵਾਰ ਵਾਰ ਗੌਰ ਨਾਲ ਅਧਿਐਨ ਕਰਨ ਅਤੇ ਇਹਨਾਂ ਨਿਰਦੇਸ਼ਾਂ ਅਤੇ ਆਸ਼ਾਵਾਂ ਅਨੁਸਾਰ ਆਪਣੇ ਜੀਵਨ ਬਤੀਤ ਕਰਨ ਜੋ ਹਜ਼ੂਰ ਨੇ ਆਪਣੇ ਮੰਨਣ ਵਾਲਿਆਂ ਲਈ ਵਰਨਣ ਕੀਤੇ ਹਨ।

ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ ਇਸ ਕਿਤਾਬ ਦਾ ਪਹਿਲੀ ਵਾਰ ਪੰਜਾਬੀ ਅਨੁਵਾਦ ਪ੍ਰਕਾਸ਼ਤ ਕਰਨ ਦਾ ਸੁਭਾਗ ਪ੍ਰਾਪਤ ਕਰ ਰਹੀ ਹੈ।

ਵਿਨਮ੍ਰ

ਨਾਜ਼ਰ ਨਸ਼ਰੋ ਇਸ਼ਾਅਤ ਕਾਦੀਆਂ

بِسمِ اللّٰہِ الرَّحمٰنِ الرَّحِیم  نَحمَدُہٗ وَنُصَلِّی عَلٰی رَسُوْلِہِ الْکَرِیم

لَن یَّجْعَلَ اللّٰہُ لِلْکَافِرِیْنَ عَلَی الْمُؤْمِنِیْنَ سَبِیْلًا[1]

| | |
|---|---|
| ਐ ਖ਼ੁਦਾਵੰਦੇ ਰਹਨੁਮਾਇ ਜਹਾਂ | ਸਾਦਕਾਂ ਰਾਜ਼ਿ ਕਾਜ਼ਿਬਾਨਿ ਬੁਰਹਾਨ |
| ਆਤਸ਼ ਉਫ਼ਤਾਦ ਦਰ ਜਹਾਂ ਜ਼ ਫ਼ਸਾਦ | ਅਲਗ਼ਯਾਸਿ ਐ ਮਗ਼ੀਸੇ ਆਲਮਯਾਨ[2] |

# ਮੀਆਂ ਨਜ਼ੀਰ ਹੁਸੈਨ ਸਾਹਿਬ ਦੇ ਇੰਨਕਾਰ ਦੀ ਅਸਲ ਵਾਸਤਵਿਕਤਾ ਅਤੇ ਉਹਨਾ ਦੀ ਅਖੌਤੀ ਜਿਤੱ ਦੀ ਪ੍ਰਤਖੱ ਅਵਸਥਾ ਅਤੇ ਉਹਨਾਂ ਨੂੰ ਅਤੇ ਉਹਨਾਂ ਦੇ ਸਹੀ ਵਿਚਾਰ ਲੋਕਾਂ ਨੂੰ ਆਕਾਸ਼ੀ ਫ਼ੈਸਲੇ ਵਲ੍ਹੱ ਸੱਦਾ

ਮੀਆਂ ਨਜ਼ੀਰ ਹੁਸੈਨ ਸਾਹਿਬ ਦੇਹਲਵੀ ਬੇਸ਼ਕੱ ਆਪ ਵੀ ਕੁਫ਼ਰ ਦੇ ਫ਼ਤਵਿਆਂ ਤੋਂ ਬਚੇ ਹੋਏ ਨਹੀਂ ਹਨ ਅਤੇ ਖ਼ੈਰ ਨਾਲ ਭਾਰਤ ਦੇ 'ਅਵੱਲੁਲ ਕਾਫ਼ਰੀਨ' (ਪਹਿਲੇ ਨੰਬਰ ਦੇ ਕਾਫ਼ਰ) ਇਹੋ ਠਹਿਰਾਏ ਗਏ ਹਨ। ਫਿਰ ਵੀ ਇਹਨਾਂ ਨੂੰ ਦੂਜੇ ਮੁਸਲਮਾਨਾਂ ਨੂੰ ਕਾਫ਼ਰ (ਇੰਨਕਾਰੀ) ਬਣਾਉਣ ਦਾ ਐਡਾ ਜੋਸ਼ ਹੈ ਜਿਵੇਂ ਸੁਮਾਰਗ ਉੱਤੇ ਚਲੱਣ ਵਾਲਿਆਂ ਨੂੰ ਮੁਸਲਮਾਨ ਬਣਾਉਣ ਦਾ ਸ਼ੌਕ ਹੁੰਦਾ ਹੈ। ਉਹ ਇਸ ਗਲ੍ਹੱ ਦੇ ਬਹੁਤ ਹੀ ਚਾਹਵਾਨ ਹੁੰਦੇ ਹਨ ਕਿ ਕਿਸੇ ਮੁਸਲਮਾਨ ਉੱਤੇ ਅਕਾਰਣ ਹੀ ਕੁਫ਼ਰ ਦਾ ਫ਼ਤਵਾ ਲਗੱ ਜਾਏ, ਭਾਵੇਂ ਕੁਫ਼ਰ ਦਾ

---

[1] ਇਹ ਉੱਕਾ ਹੀ ਨਹੀਂ ਹੁੰਦਾ ਕਿ ਕਾਫ਼ਰ ਮੋਮਿਨਾ ਨੂੰ ਮੁਲਜਿਮ ਕਰਨ ਲਈ ਰਾਹ ਲਭੱ ਸਕਣ

[2] ਹੇ ਸੰਸਾਰ ਦੇ ਮਾਰਗ ਦਰਸ਼ਕ ਰਬੱ। ਸੱਚਿਆਂ ਨੂੰ ਝੂੱਠਿਆਂ ਦੀ ਕੈਦ ਵਿਚੋਂ ਕਢੱ। ਫ਼ਸਾਦ ਕਰਕੇ ਸੰਸਾਰ ਵਿਚ ਅਗੱ ਲਗੱ ਗਈ। ਹੇ ਲੋਕਾਂ ਦੀ ਪੁਕਾਰ ਸੁਣਨ ਵਾਲੇ, ਮਦਦ ਲਈ ਆ। (ਅਨੁਵਾਦਕ)

ਇਕੱ ਵੀ ਕਾਰਣ ਨ ਹੋਵੇ । ਇਹਨਾਂ ਦੇ ਚੇਲੇ ਮੀਆਂ ਮੁਹੰਮਦ ਹੁਸੈਨ ਬਟਾਲਵੀ ਜੋ ਸ਼ੇਖ਼ ਅਖਵਾਉਂਦੇ ਹਨ । ਇਹਨਾ ਦੀ ਹੀ ਪੈੜ੍ਹਾਂ ਉੱਤੇ ਚੱਲੇ ਹਨ । ਸਗੋਂ ਸ਼ੇਖ਼ ਜੀ ਤਾਂ ਕੁਝੱ ਬਹੁਤੀ ਹੀ ਸਰਗਰਮੀ ਅਤੇ ਕੁਫ਼ਰ ਦੇ ਸ਼ੌਕ ਵਿਚੱ ਆਪਣੇ ਗੁਰੂ ਤੋਂ ਵੀ ਕੁਝੱ ਵਧੱ ਚੜ੍ਹੱ ਕੇ ਹਨ । ਇਹਨਾ ਦੋਹਾਂ ਗੁਰੂ ਚੇਲਿਆਂ ਦਾ ਇਹ ਧਰਮ ਮਾਲੂਮ ਹੁੰਦਾ ਹੈ ਕਿ ਜੇਕਰ ਨਿਣਾਨਵੇਂ (99) ਪ੍ਰਤਖੱ ਸਬਬ ਇਮਾਨ ਦੇ ਉਹਨਾ ਦੀਆਂ ਨਿਗਾਹ ਵਿਚੱ ਹੋਣ ਅਤੇ ਇਕੱ ਇਮਾਨੀ ਕਾਰਣ ਉਹਨਾ ਨੂੰ ਆਪਣੀ ਦ੍ਰਿਸ਼ਟੀਹੀਨਤਾ ਦੇ ਸਬਬ ਸਮਝ ਨ ਆਵੇ ਤਾਂ ਫਿਰ ਵੀ ਅਜਿਹੇ ਵਿਅਕਤੀ ਨੂੰ ਕਾਫ਼ਰ ਆਖਣਾ ਉਚਿੱਤ ਹੈ । ਸੋ, ਇਸ ਨਿਮਾਣੇ ਨਾਲ ਵੀ ਇਹਨਾ ਲੋਕਾਂ ਨੇ ਅਜਿਹਾ ਹੀ ਸੁਲੂਕ ਕੀਤਾ । ਜੋ ਵਿਅਕਤੀ ਇਸ ਨਿਮਾਣੇ ਦੀਆਂ ਰਚਨਾਵਾਂ 'ਬ੍ਰਾਹੀਨ ਅਹਮਦੀਆ' ਅਤੇ 'ਸੁਰਮਾ ਚਸ਼ਮਾ ਆਰੀਆ' ਆਦਿ ਨੂੰ ਗ਼ੌਰ ਨਾਲ ਪੜ੍ਹੇ, ਉਸ ਉੱਤੇ ਚੰਗੀ ਤਰ੍ਹਾਂ ਖੁਲ੍ਹੱ ਜਾਏਗਾ ਕਿ ਇਹ ਨਿਮਾਣਾ ਕਿੰਨ੍ਹੀ ਜਾਨ ਨਿਛਾਵਰੀ ਨਾਲ ਇਸਲਾਮ ਦਾ ਸੇਵਕ ਹੈ ਅਤੇ ਕਿੰਨ੍ਹਾ ਰਸੂਲੇ ਕਰੀਮ ਸਲੱਲਾਹੋ ਅਲੈਹਿ ਵਸਲੱਮ ਦੀ ਮਹਾਨਤਾ ਨੂੰ ਪ੍ਰਕਾਸ਼ਤ ਕਰਨ ਵਿਚੱ ਫ਼ਿਦਾ ਹੈ, ਪਰ ਫਿਰ ਵੀ ਮੀਆਂ ਨਜ਼ੀਰ ਹੁਸੈਨ ਸਾਹਿਬ ਅਤੇ ਉਹਨਾਂ ਦੇ ਚੇਲ੍ਹੇ ਬਟਾਲਵੀ ਨੇ ਸਬਰ ਨ ਕੀਤਾ ਜਦੱ ਤਕੱ ਕਿ ਇਸ ਨਿਮਾਣੇ ਨੂੰ ਕਾਫ਼ਰ (ਇੰਨਕਾਰੀ) ਕਰਾਰ ਨ ਦੇ ਦਿੱਤਾ । ਮੀਆਂ ਨਜ਼ੀਰ ਹੁਸੈਨ ਸਾਹਿਬ ਦੀ ਅਤਿਅੰਤ ਦੁਖੱਦਾਈ ਸਿਥਿੱਤੀ ਹੈ ਕਿ ਬੁਢੇਪੇ ਵਿਚੱ

ਕਬਰ ਵਿਚੱ ਪੈਰ੍ਹ ਲਟਕ ਰਹੇ ਹਨ। ਆਪਣੇ ਅੰਤ ਦੀ ਕੋਈ ਪਰਵਾਹ ਨਹੀਂ ਕੀਤੀ ਅਤੇ ਇਸ ਆਜ਼ਿਜ਼ ਨੂੰ ਕਾਫ਼ਰ (ਇੰਨਕਾਰੀ) ਠਹਿਰਾਉਣ ਲਈ ਇਮਾਨਦਾਰੀ ਅਤੇ ਸੰਜਮਤਾ ਨੂੰ ਉੱਕਾ ਹੀ ਹੱਥੋਂ ਛਡੱ ਦਿੱਤਾ ਅਤੇ ਮੌਤ ਦੇ ਕੰਢੇ ਤਕੱ ਪਹੁੰਚ ਕੇ ਆਪਣੇ ਅੰਦਰ ਦਾ ਅਤਿਅੰਤ ਭੈੜ੍ਹਾ ਨਮੂਨਾ ਵਿਖਾਇਆ। ਰਬੱ ਤਰਸੀ, ਸੰਜਮਤਾ ਅਤੇ ਇਮਾਨਦਾਰੀ ਉਲਮਾ ਦਾ ਇਹ ਫ਼ਰਜ਼ ਹੋਣਾ ਚਾਹੀਦਾ ਹੈ ਕਿ ਜਦੱ ਤਕੱ ਉਹਨਾ ਦੇ ਹਥੱ ਵਿਚੱ ਕਿਸੇ ਨੂੰ ਕਾਫ਼ਰ (ਇੰਨਕਾਰੀ) ਠਹਿਰਾਉਣ ਲਈ ਅਜਿਹੇ ਪ੍ਰਤਖ, ਵਿਸ਼ਵਸਨੀ, ਅਕਟੱ ਅਤੇ ਸਹੀ ਕਾਰਣ ਨ ਹੋਣ ਜਿੰਨ੍ਹਾਂ ਕਥਨਾਂ ਦੇ ਸਬਬ ਉਸ ਉੱਤੇ ਕੁਫ਼ਰ ਦਾ ਫ਼ਤਵਾ ਲਾਇਆ ਜਾਣਾ ਹੈ ਇਹਨਾਂ ਲਾਏ ਗਏ ਕੁਫ਼ਰ ਦੇ ਆਰੋਪਾਂ ਦਾ ਉਹ ਆਪਣੇ ਮੂੰਹੋਂ ਸਾਫ਼ ਇਕਰਾਰ ਕਰੇ, ਇੰਨਕਾਰ ਨ ਕਰੇ, ਤਦੱ ਤਕੱ ਅਹਿਜੇ ਵਿਅਕਤੀ ਨੂੰ ਕਾਫ਼ਰ (ਇੰਨਕਾਰੀ) ਬਨਾਉਣ ਵਿਚੱ ਛੇਤੀ ਨ ਕਰਨ। ਪਰੰਤੂ ਵੇਖਣਾ ਚਾਹੀਦਾ ਹੈ ਕਿ ਮੀਆਂ ਨਜ਼ੀਰ ਹੁਸੈਨ ਇਸੇ ਮਾਰਗ ਉਪੱਰ ਚੱਲੇ ਹਨ ਜਾਂ ਕਿਸੇ ਹੋਰ ਪਾਸੇ ਪੈਰ੍ਹ ਮਾਰੇ ਹਨ। ਸੋ, ਸਪਸ਼ਟ ਹੋਵੇ ਕਿ ਮੀਆਂ ਨਜ਼ੀਰ ਹੁਸੈਨ ਨੇ ਤਕਵਾ (ਸੰਜਮਤਾ) ਅਤੇ ਇਮਾਨਦਾਰੀ ਦੇ ਮਾਰਗ ਨੂੰ ਉੱਕਾ ਹੀ ਛਡੱ ਦਿੱਤਾ ਮੈਂ ਦਿੱਲੀ ਵਿਚੱ ਤਿੰਨ ਇਸ਼ਤਿਹਾਰ ਜਾਰੀ ਕੀਤੇ ਅਤੇ ਆਪਣੇ ਇਸ਼ਤਿਹਾਰਾਂ ਵਿਚੱ ਵਾਰ ਵਾਰ ਪ੍ਰਕਟ ਕੀਤਾ ਕਿ ਮੈਂ ਮੁਸਲਮਾਨ ਹਾਂ ਅਤੇ ਇਸਲਾਮੀ ਅਕੀਦੇ ਰਖੱਦਾ ਹਾਂ ਸਗੋਂ ਮੈਂ ਰਬੱ ਦੀ ਸਹੁੰ ਖਾ ਕੇ

ਸੰਦੇਸ਼ ਪਹੁੰਚਾਇਆ ਕਿ ਮੇਰੀ ਕਿਸੇ ਵੀ ਲੇਖਣੀ ਜਾਂ ਭਾਸ਼ਣ ਵਿਚੱ ਕੋਈ ਅਜਿਹੀ ਗਲੱ੍ਹ ਨਹੀਂ ਹੈ ਜੋ ਨਾਊਜ਼ ਬਿੱਲਾਹ (ਰਬੱ ਨ ਕਰੇ) ਇਸਲਾਮੀ ਅਕੀਦੇ ਦੇ ਵਿਰੁਧੱ ਹੋਵੇ, ਕੇਵਲ ਇਤਰਾਜ਼ ਕਰਨ ਵਾਲਿਆਂ ਦੀ ਆਪਣੀ ਗ਼ਲਤ ਫ਼ਹਿਮੀ ਹੈ ਨਹੀਂ ਤਾਂ ਮੈਂ ਸਾਰੇ ਇਸਲਾਮੀ ਅਕੀਦਿਆਂ ਉਪੱਰ ਤਨ ਮਨ ਨਾਲ ਇਮਾਨ ਰਖੱਦਾ ਹਾਂ ਅਤੇ ਇਸਲਾਮ ਵਿਰੋਧੀ ਅਕੀਦਿਆਂ ਤੋਂ ਉੱਕਾ ਹੀ ਉਪਰਾਮ ਹਾਂ, ਪਰੰਤੂ ਮੀਆਂ ਸਾਹਿਬ ਨੇ ਮੇਰੀਆਂ ਗੱਲ੍ਹਾਂ ਵਲੱ੍ਹ ਉੱਕਾ ਹੀ ਧਿਆਨ ਨ ਦਿੱਤਾ ਅਤੇ ਇਸ ਦੇ ਬਿਨਾ ਕਿ ਕੋਈ ਛਾਣ ਬੀਨ ਅਤੇ ਖੋਜ ਕਰਦੇ ਮੈਨੂੰ ਕਾਫ਼ਰ ਠਹਿਰਾਇਆ ਸਗੋਂ ਮੇਰੀ ਵੱਲੋਂ انا مُومن انا مومن ਦੇ ਸਪਸ਼ਟ ਇਕਰਾਰ ਸੁਣ ਕੇ ਵੀ لَستَ مُومِناً ਕਹਿ ਦਿੱਤਾ ਅਤੇ ਅਨੇਕਾਂ ਥਾਈਂ ਆਪਣੀਆਂ ਲੇਖਣੀਆਂ ਅਤੇ ਭਾਸ਼ਣਾਂ ਵਿਚੱ ਅਤੇ ਆਪਣੇ ਚੇਲਿਆਂ ਦੇ ਇਸ਼ਤਿਹਾਰਾਂ ਵਿਚੱ ਇਸ ਨਿਮਾਣੇ ਦਾ ਨਾਂ ਕਾਫ਼ਰ ਬੇਦੀਨ (ਅਧਰਮੀ) ਅਤੇ ਦੱਜਾਲ ਰਖਿੱਆ ਅਤੇ ਸਾਧਾਰਨਤਾ ਪ੍ਰਸਿਧੱ ਕਰ ਦਿੱਤਾ ਕਿ ਇਹ ਵਿਅਕਤੀ ਕਾਫ਼ਰ (ਇੰਨਕਾਰੀ), ਅਧਰਮੀ ਅਤੇ ਰਬੱ ਅਤੇ ਰਸੂਲ ਤੋਂ ਮੂੰਹ ਮੋੜ੍ਹ ਲੈਣ ਵਾਲਾ ਹੈ। ਸੋ, ਮੀਆਂ ਸਾਹਿਬ ਦੀ ਇਸ ਫ਼ੂਕ ਨਾਲ ਸਾਧਾਰਣ ਲੋਕਾਂ ਵਿਚੱ ਇਕੱ ਤਿੱਖੀ ਹਨ੍ਹੇਰੀ ਜਿਹੀ ਪੈਦਾ ਹੋ ਗਈ ਅਤੇ ਭਾਰਤ ਅਤੇ ਪੰਜਾਬ ਦੇ ਲੋਕ ਇਕੱ ਕਰੜ੍ਹੀ ਪ੍ਰੀਖਿਆ ਵਿਚੱ ਪੈ ਗਏ ਵਿਸ਼ੇਸ਼ ਕਰਕੇ ਦਿੱਲੀ ਵਾਲੇ ਤਾਂ ਮੀਆਂ ਸਾਹਿਬ ਦੀ ਇਸ ਭੜ੍ਹਕਾਵੇ ਨਾਲ ਅਗੱ ਬਬੂਲਾ ਹੋ

ਗਏ। ਸੰਭਵਤਾ ਦਿੱਲੀ ਵਿਚੱ ਸਠੱ ਜਾਂ ਸਤੱਰ ਹਜ਼ਾਰ ਦੇ ਲਗਭਗ ਮੁਸਲਮਾਨ ਹੋਵੇਗਾ। ਪਰ ਇਹਨਾਂ ਵਿਚੱ ਰਬੱ ਹੀ ਜਾਣਦਾ ਹੈ ਕਿ ਕੋਈ ਅਜਿਹਾ ਵਿਅਕਤੀ ਹੋਵੇਗਾ ਜੋ ਇਸ ਨਿਮਾਣੇ ਪ੍ਰਤੀ ਗਾਲ੍ਹਾਂ, ਲਾਨ੍ਹਤਾਂ ਅਤੇ ਠੱਠੇ ਕਰਨ ਵਿਚੱ ਜਾਂ ਸੁਣਨ ਵਿਚੱ ਭਾਗੀਦਾਰ ਨ ਬਣਿਆ ਹੋਵੇ। ਇਹ ਸਾਰਾ ਭੰਡਾਰ ਮੀਆਂ ਸਾਹਿਬ ਦੇ ਹੀ ਕਰਣੀ ਨਾਮੇ ਨਾਲ ਸੰਬੰਧਿਤ ਹੈ, ਜਿਸ ਨੂੰ ਉਹਨਾ ਨੇ ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚੱ ਆਪਣੇ ਅੰਜਾਮ ਲਈ ਇਕੱਠਾ ਕੀਤਾ। ਉਹਨਾਂ ਨੇ ਸੱਚੀ ਗਵਾਹੀ ਗੁਪਤ ਰਖੱ ਕੇ ਲੱਖਾਂ ਦਿਲਾਂ ਵਿਚੱ ਜਮ੍ਹਾ ਦਿੱਤਾ ਕਿ ਵਾਸਤਵ ਵਿਚੱ ਇਹ ਵਿਅਕਤੀ ਕਾਫ਼ਰ ਹੈ ਅਤੇ ਲਾਨ੍ਹਤ ਯੋਗ ਹੈ ਅਤੇ ਇਸਲਾਮ ਵਿੱਚੋਂ ਖ਼ਾਰਜ ਹੈ। ਮੈਂ ਇਹਨਾ ਦਿਨਾਂ ਵਿਚੱ ਹੀ ਜੱਦ ਕਿ ਮੈਂ ਅਜੇ ਦਿੱਲੀ ਵਿਚੱ ਹੀ ਸੀ, ਸ਼ਹਿਰ ਵਿਚੱ ਕੁਫ਼ਰ ਦਾ ਇਹ ਰੌਲ੍ਹਾ ਗੋਲ੍ਹਾ ਵੇਖ ਕੇ ਇਕੱ ਵਿਸ਼ੇਸ਼ ਇਸ਼ਤਿਹਾਰ ਇਹਨਾਂ ਹੀ ਮੀਆਂ ਸਾਹਿਬ ਨੂੰ ਸੰਬੋਧਨ ਕਰਕੇ ਪ੍ਰਕਾਸ਼ਤ ਕੀਤਾ ਅਤੇ ਕੁਝੱ ਪਤੱਰ ਵੀ ਲਿੱਖੇ ਅਤੇ ਅਤਿਅੰਤ ਵਿਨਮ੍ਰਤਾ ਅਤੇ ਨਿਮਰਤਾ ਨਾਲ ਪ੍ਰਕਟ ਕੀਤਾ ਕਿ ਮੈਂ ਕਾਫ਼ਰ (ਇੰਨਕਾਰੀ) ਨਹੀਂ ਹਾਂ। ਰਬੱ ਜਾਣਦਾ ਹੈ ਕਿ ਮੈਂ ਮੁਸਲਮਾਨ ਹਾਂ ਅਤੇ ਉਹਨਾ ਸਾਰੇ ਅਕੀਦੀਆਂ ਨੂੰ ਮੰਨ੍ਹਦਾ ਹਾਂ ਜੋ ਅਹਲੇ ਸੁਨੰਤ ਵਲੱ ਜਮਾਅਤ (ਮੁਸਲਮਾਨ) ਮੰਨ੍ਹਦੇ ਹਨ ਅਤੇ ਕਲਮਾ ਤਯੱਬਾ (لَا اِلٰہَ الّا اللہ محمد رسول اللہ[1]) ਦਾ ਕਾਇਲ ਹਾਂ ਅਤੇ

[1] ਰਬੱ ਤੋਂ ਬਿਨਾਂ ਕੋਈ ਇਬਾਦਤ ਦੇ ਯੋਗ ਨਹੀਂ ਅਤੇ ਮੁਹੰਮਦ ਸਲੱਲਾਹੋ ਅਲੈਹਿ ਵਸਲੱਮ ਉਸ ਦੇ ਰਸੂਲ (ਦੂਤ) ਹਨ।

ਕਿਬਲੇ (ਅਰਥਾਤ ਖ਼ਾਨਾ ਕਾਅਬਾ) ਵਲੱ ਮੂੰਹ ਕਰਕੇ ਨਮਾਜ਼ ਪੜ੍ਹਦਾ ਹਾਂ ਅਤੇ ਮੈਂ ਨਬੁਵੱਤ ਦਾ ਦਾਅਵੇਦਾਰ ਨਹੀਂ ਹਾਂ[1] ਸਗੋਂ ਅਜਿਹੇ ਦਾਅਵੇਦਾਰ ਨੂੰ ਇਸਲਾਮ ਦੇ ਦਾਇਰੇ ਤੋਂ ਖ਼ਾਰਜ ਸਮਝਦਾ ਹਾਂ ਅਤੇ ਇਹ ਵੀ ਲਿਖਿੱਆ ਕਿ ਮੈਂ ਫ਼ਰਿਸ਼ਤੀਆਂ ਦਾ ਇੰਨਕਾਰੀ ਵੀ ਨਹੀਂ, ਬਖ਼ੁਦਾ ਮੈਂ ਉਸੇ ਪ੍ਰਕਾਰ ਫ਼ਰਿਸ਼ਤੀਆਂ ਨੂੰ ਮੰਨਦਾ ਹਾਂ ਜਿਵੇਂ ਸ਼ਰਾਅ (ਇਸਲਾਮੀ ਵਿਧਾਨ) ਵਿਚੱ ਮੰਨ੍ਹਿਆ ਗਿਆ ਅਤੇ ਇਹ ਵੀ ਐਲਾਨ੍ਹਿਆ ਗਿਆ ਕਿ ਮੈਂ ਲੈਲਾਤੁਲੱ ਕਦਰ ਦਾ ਵੀ ਇੰਨਕਾਰੀ ਨਹੀਂ ਸਗੋਂ ਮੈਂ ਉਸ ਲੈਲਾਤੁਲੱ ਕਦਰ ਉੱਪਰ ਇਮਾਨ ਰਖੱਦਾ ਹਾਂ ਜਿਸ ਦੀ ਵਿਆਖਿਆ ਕੁਰਆਨੇ ਸ਼ਰੀਫ਼ ਅਤੇ ਹਦੀਸਾਂ ਵਿੱਚ ਵਰਨਣ ਹੋ ਚੁੱਕੀ ਹੈ ਅਤੇ ਇਹ ਵੀ ਪ੍ਰਕਟ ਕੀਤਾ ਗਿਆ ਕਿ ਮੈਂ ਜਿਬਰਾਈਲ ਦੇ ਵੁਜੂਦ ਅਤੇ ਨਬੀਆਂ ਅਤੇ ਰਸੂਲਾਂ ਉੱਤੇ ਉਤਰਣ ਵਾਲੀ ਬਾਣੀ ਉਪੱਰ ਵੀ ਇਮਾਨ ਰਖੱਦਾ ਹਾਂ, ਇੰਨਕਾਰੀ ਨਹੀਂ। ਅਤੇ ਨ ਹੀ ਹਿਸਾਬ ਅਤੇ ਪਰਲੈ ਦੇ ਦਿਨ ਦਾ ਇੰਨਕਾਰੀ ਹਾਂ ਅਤੇ ਨ ਹੀ ਕੱਚੇ ਵਿਚਾਰਧਾਰੀਆਂ ਵਾਂਗ ਆਪਣੇ ਰਬੱ ਦੀਆਂ ਕਾਮਲ ਵਡਿੱਆਈਆਂ, ਮਹਾਨਤਾ, ਅਜ਼ਮਤਾਂ, ਕੁਦਰਤਾਂ ਅਤੇ ਉਸ ਦੇ ਚਮਤਕਾਰਾਂ ਵਿਚੱ ਸੰਦੇਹ ਰਖੱਦਾ ਹਾਂ ਅਤੇ ਨ ਹੀ ਕਿਸੇ ਅਕਲੀ ਹੁਜੱਤਾਂ ਕਰਕੇ ਚਮਤਕਾਰਾਂ ਤੋਂ ਮੂੰਹ ਮੋੜ੍ਹਣ ਵਾਲਾ ਹਾਂ ਅਤੇ ਕਈ ਵਾਰ ਮੈਂ ਸਾਧਾਰਣ

[1] ਅਰਥਾਤ ਆਜ਼ਾਦ ਨਬੁਵੱਤ ਦਾ, ਜੋ ਕਿਸੇ ਨਬੀ ਨੂੰ ਪੈਰਵੀ ਤੋਂ ਬਿਨਾ ਮਿਲਦੀ ਹੈ। ਇਸ ਦਾ ਸੰਪੂਰਨ ਸਪਸ਼ਟੀਕਰਨ ਆਪ ਅਲੈਹਿ ਸਲਾਮ ਦੀ ਕਿਤਾਬ "ਇਕੱ ਗ਼ਲਤੀ ਦਾ ਨਿਵਾਰਨ" ਅਤੇ ਦੂਜਿਆਂ ਕਈ ਕਿਤਾਬਾਂ ਵਿਚੱ ਪਾਇਆ ਜਾਂਦਾ ਹੈ। (ਅਨੁਵਾਦਕ)

ਜਲਸਿਆਂ ਵਿਚੱ ਪ੍ਰਕਟ ਕੀਤਾ ਹੈ ਕਿ ਰਬੱ ਦੀਆਂ ਅਸੀਮਤ ਕੁਦਰਤਾਂ ਉਪੱਰ ਮੇਰਾ ਭਰੋਸਾ ਹੈ ਸਗੋਂ ਮੇਰੇ ਅਨੁਸਾਰ ਕੁਦਰਤ ਦੀਆਂ ਅਸੀਮਤਤਾ ਰਬੱ ਹੋਣ ਦਾ ਇਕੱ ਲਾਜ਼ਮੀ ਅੰਗ ਹੈ ਜੇਕਰ ਰੱਬ ਨੂੰ ਮੰਨ੍ਹ ਕੇ ਫਿਰ ਕਿਸੇ ਕੰਮ ਦੇ ਕਰਨ ਵਿਚੱ ਉਸ ਨੂੰ ਅਸਮਰਥ ਦਸਿੱਆ ਜਾਵੇ ਤਾਂ ਅਜਿਹਾ ਰਬੱ, ਰਬੱ ਹੀ ਨਹੀਂ ਅਤੇ ਜੇਕਰ ਨਾਊਜ਼ ਬਿਲਾਹ (ਰਬੱ ਨ ਕਰੇ) ਅਜਿਹਾ ਰਬੱ ਕਮਜ਼ੋਰ (ਅਸਮਰਥ) ਹੈ ਤਾਂ ਉਸ ਉੱਤੇ ਭਰੋਸਾ ਕਰਨ ਵਾਲੇ ਤਾਂ ਜੀਉਂਦੇ ਜੀ ਹੀ ਮਰ ਗਏ ਅਤੇ ਸਾਰੀਆਂ ਆਸਾਂ ਉਹਨਾ ਦੀਆਂ ਮਿੱਟੀ ਵਿਚੱ ਰੁਲੱ੍ਹ ਗਈਆਂ । ਨਿਰਸੰਦੇਹ ਇਸ ਵਿਚੱ ਕੋਈ ਗਲੱ੍ਹ ਅਣਹੋਣੀ ਨਹੀਂ, ਹਾਂ ਉਹ ਗਲੱ੍ਹ ਅਜਿਹੀ ਹੋਣੀ ਚਾਹੀਦੀ ਹੈ ਕਿ ਰਬੱ ਦੀ ਸ਼ਾਨ, ਮਹਾਨਤਾ ਅਤੇ ਪਵਿਤੱਰਤਾ ਨੂੰ ਬਹੁਤੀ ਪਿਆਰੀ ਹੋਵੇ ਅਤੇ ਉਸ ਦੇ ਕਾਮਲ ਗੁਣਾਂ ਅਤੇ ਸੱਚਾਈ ਦੇ ਵਿਰੁੱਧ ਨ ਹੋਵੇ । ਪਰੰਤੂ ਮੀਆਂ ਸਾਹਿਬ ਨੇ ਮੇਰੇ ਸਾਰੇ ਇਕਰਾਰਾਂ ਦੇ ਬਾਦ ਵੀ ਸਾਫ਼ ਲਿਖਿੱਆ ਕਿ ਤੁਹਾਡੇ ਉਪੱਰ ਕਾਫ਼ਰ (ਇੰਨਕਾਰੀ ਹੋਣ) ਦਾ ਫ਼ਤਵਾ ਹੋ ਚੁਕਿੱਆ ਹੈ ਅਤੇ ਅਸੀਂ ਤੁਹਾਨੂੰ ਕਾਫ਼ਰ (ਇੰਨਕਾਰੀ) ਅਤੇ ਬੇਇਮਾਨ (ਅਧਰਮੀ) ਸਮਝਦੇ ਹਾਂ । ਸਗੋਂ 20 ਅਕਤੂਬਰ 1891 ਈ ਵਿੱਚ ਜੋ ਬਹਿਸ ਲਈ ਮਿੱਤੀ ਮਿੱਥੀ ਗਈ ਸੀ । ਜਿਸ ਤੋਂ ਪਹਿਲਾਂ ਉਪੱਰ ਵਰਣਿਤ ਇਸ਼ਤਿਹਾਰ ਵੰਡੇ ਜਾ ਚੁੱਕੇ ਸਨ, ਮੀਆਂ ਸਾਹਿਬ ਵੱਲੋਂ੍ਹ ਮਿੱਥੀ ਮਿੱਤੀ ਦੀ ਬਹਿਸ ਨੂੰ ਟਾਲਣ ਲਈ ਵਾਰ ਵਾਰ ਇਹੋ ਉਜ਼ਰ ਸੀ ਕਿ ਤੁਸੀਂ ਕਾਫ਼ਰ ਹੋ,

ਪਹਿਲਾਂ ਆਪਣਾ ਅਕੀਦਾ (ਆਸਥਾ) ਤਾਂ ਇਸਲਾਮ ਅਨੁਸਾਰ ਪ੍ਰਮਾਣਿਤ ਕਰੋ। ਫ਼ਿਰ ਬਹਿਸ ਵੀ ਕਰਨਾ। ਉਸ ਸਮੇਂ ਵੀ ਅਨੇਕਾਂ ਵਾਰੀ ਅਤਿਅੰਤ ਅਦਬ ਨਾਲ ਇਹੋ ਕਿਹਾ ਗਿਆ ਕਿ ਮੈਂ ਕਾਫ਼ਰ (ਇੰਨਕਾਰੀ) ਨਹੀਂ ਹਾਂ। ਸਗੋਂ ਉਹਨਾਂ ਸਾਰੀਆਂ ਗੱਲ੍ਹਾਂ ਉੱਤੇ ਇਮਾਨ ਰਖੱਦਾ ਹਾਂ ਜੋ ਜਲਾਲ ਵਾਲੇ ਅਤੇ ਮਹਾਨ ਰਬੱ ਨੇ ਮੁਸਲਾਮਾਨਾਂ ਲਈ ਅਕੀਦੇ ਬਣਾਏ ਹਨ ਸਗੋਂ ਜਿਵੇਂ ਕਿ ਇਸ਼ਤਿਹਾਰ 23 ਅਕਤੂਬਰ 1891 ਈ ਵਿਚੱ ਲਿਖਿੱਆ ਹੈ। ਮੈਂ ਆਪਣੇ ਹੱਥੀ ਇਕੱ ਤਹਿਰੀਰ ਵੀ ਲਿਖੱ ਦਿੱਤੀ ਕਿ ਮੈਂ ਇਹਨਾਂ ਸਾਰੀਆਂ ਅਕੀਦੀਆਂ ਉੱਪਰ ਇਮਾਨ ਰਖੱਦਾ ਹਾਂ, ਪਰ ਦੁਖੱ ਦੀ ਗੱਲ੍ਹ ਹੈ ਕਿ ਉਕੱਤ ਮੀਆਂ ਸਾਹਿਬ ਫ਼ਿਰ ਵੀ ਇਸ ਨਿਮਾਣੇ ਨੂੰ ਕਾਫ਼ਰ (ਇੰਨਕਾਰੀ) ਹੀ ਕਹਿੰਦੇ ਰਹੇ ਅਤੇ ਕਾਫ਼ਰ ਹੀ ਲਿਖੱਦੇ ਰਹੇ ਅਤੇ ਇਹੋ ਇਕੱ ਬਹਾਨਾ ਉਹਨਾ ਦੇ ਹਥੱ ਵਿਚੱ ਸੀ ਜਿਸ ਦੇ ਸਬਬ ਮਸੀਹ ਦੇ ਜੀਵਨ ਅਤੇ ਮੌਤ ਬਾਰੇ ਮੇਰੇ ਨਾਲ ਬਹਿਸ ਨ ਕੀਤੀ ਕਿ ਇਹ ਤਾਂ ਕਾਫ਼ਰ ਹੈ ਕਾਫ਼ਰਾਂ ਨਾਲ ਕੀ ਬਹਿਸ ਕਰੀਏ। ਜੇਕਰ ਇਹਨਾਂ ਵਿਚੱ ਰੱਤੀ ਭਰ ਵੀ ਸੰਜਮਤਾ ਹੁੰਦੀ ਤਾਂ ਉਸੇ ਸਮੇਂ ਜੋ ਮੇਰੇ ਵੱਲੋਂ ਇਸਲਾਮੀ ਅਕੀਦੇ ਅਤੇ ਆਪਣੇ ਮੁਸਲਮਾਨ ਹੋਣ ਦਾ ਇਸ਼ਤਿਹਾਰ ਪ੍ਰਕਾਸ਼ਤ ਕੀਤਾ ਸੀ ਕੁਫ਼ਰ ਦੇ ਫ਼ਤਵੇਂ ਤੋਂ ਅੱਡ ਹੋ ਜਾਂਦੇ ਅਤੇ ਜਿਵੇਂ ਕਿ ਹਜ਼ਾਰਾਂ ਲੋਕਾਂ ਵਿਚੱ ਕੁਫ਼ਰ ਦੇ ਫ਼ਤਵੇ ਨੂੰ ਮਸ਼ਹੂਰ ਕੀਤਾ ਸੀ ਅਜਿਹਾ ਹੀ ਸਾਧਾਰਣ ਜਲਸਿਆਂ ਵਿਚੱ ਆਪਣੀ ਗਲਤੀ ਦਾ ਇਕਰਾਰ ਕਰਕੇ ਮੇਰੇ ਮੁਸਲਮਾਨ ਹੋਣ

ਦੀ ਪੁਸ਼ਟੀ ਕਰਦੇ ਅਤੇ ਅਜਾਈਂ ਬਦਗੁਮਾਨੀ ਤੋਂ ਆਪਣੇ ਆਪ ਨੂੰ ਬਚਾ ਲੈਂਦੇ ਅਤੇ ਅਣਵਾਪਰੇ ਕੁਫ਼ਰ ਦੇ ਫ਼ਤਵੇ ਦੀ ਪ੍ਰਸਿੱਧੀ ਦੇ ਵਿਰੁੱਧ ਖੰਡਨ ਕਰਕੇ ਆਪਣੇ ਲਈ ਰਬੱ ਦੀ ਹਜ਼ੂਰੀ ਵਿਚੱ ਇਕੱ ਉਜ਼ਰ ਬਣਾ ਲੈਂਦੇ । ਪਰ ਉਹਨਾ ਨੇ ਉੱਕਾ ਹੀ ਅਜਿਹਾ ਨ ਕੀਤਾ ਸਗੋਂ ਜਦੱ ਤਕੱ ਮੈਂ ਦਿੱਲੀ ਵਿਚੱ ਰਿਹਾ ਇਹੋ ਸੁਣਦਾ ਰਿਹਾ ਕਿ ਮੀਆਂ ਸਾਹਿਬ ਇਸ ਨਿਮਾਣੇ ਬਾਰੇ ਗੰਦੇ ਅਤੇ ਅਸ਼ੁਭੱ ਸ਼ਬਦ ਆਪਣੇ ਮੂੰਹੋਂ ਕੱਢਦੇ ਹਨ ਅਤੇ ਕੁਫ਼ਰ ਦੇ ਫ਼ਤਵੇ ਤੋਂ ਉੱਕਾ ਹੀ ਪਿੱਛੇ ਨਹੀਂ ਹਟਦੇ। ਹਰ ਪ੍ਰਕਾਰ ਦੇ ਜਤਨ ਕੀਤੇ ਗਏ ਕਿ ਉਹ ਇਸ ਅਯੋਗ ਢੰਗ ਤੋਂ ਮੁੜ੍ਹ ਜਾਣ ਅਤੇ ਆਪਣੇ ਮੂੰਹ ਨੂੰ ਰੋਕ ਲੈਣ ਪਰ ਇਸ ਨਿਮਾਣੇ ਬਾਰੇ ਕਾਫ਼ਰ ਕਾਫ਼ਰ ਆਖਣਾ ਅਜਿਹਾ ਉਹਨਾਂ ਦੇ ਮੂੰਹ ਉੱਤੇ ਚੜ੍ਹ ਗਿਆ ਕਿ ਉਹ ਆਪਣੇ ਮੂੰਹ ਨੂੰ ਰੋਕ ਹੀ ਨ ਸਕੇ ਅਤੇ ਨਫ਼ਸੇ ਅੱਮਾਰਾ (ਪਸ਼ੂ ਬਿਰਤੀ) ਨੇ ਅਜਿਹਾ ਉਹਨਾਂ ਦੇ ਮਨ ਉੱਪਰ ਕਬਜ਼ਾ ਕੀਤਾ ਕਿ ਰਬੱ ਦੇ ਖ਼ੌਫ਼ ਦਾ ਕੋਈ ਖ਼ਾਨਾ ਵੀ ਖ਼ਾਲੀ ਨ ਰਿਹਾ (فاعتبروا یااولی الابصار[1]) । ਹੁਣ ਮੈਂ ਉਹਨਾਂ ਦੇ ਇੰਨਕਾਰ ਨੂੰ ਬਹੁਤਾ ਖਿਚੱਣਾ ਨਹੀਂ ਚਾਹੁੰਦਾ । ਹਰ ਵਿਅਕਤੀ ਆਪਣੀਆਂ ਗੱਲ੍ਹਾਂ, ਕੰਮਾਂ ਅਤੇ ਕਿਰਦਾਰ ਰਾਹੀਂ ਪੁਛਿੱਆ ਜਾਵੇਗਾ । ਉਹਨਾਂ ਦੇ ਕਰਮ ਉਹਨਾ ਨਾਲ ਅਤੇ ਮੇਰੇ ਕਰਮ ਮੇਰੇ ਨਾਲ, ਪਰ ਦੁਖੱ ਦੀ ਗਲੱ੍ਹ ਤਾਂ ਇਹ ਹੈ ਕਿ ਅਜਾਈਂ ਆਰੋਪਾਂ ਅਤੇ ਝੂੱਠੇ ਕੰਮਾਂ ਵਲੱ੍ਹ ਉਹਨਾਂ ਨੇ ਆਪਣਾ ਧਿਆਨ ਕੀਤਾ

[1] ਹੇ ਅਕਲਮੰਦੋਂ ! ਸਿਖਿੱਆ ਪ੍ਰਾਪਤ ਕਰੋ ।

ਅਤੇ ਜੋ ਅਸਲ ਬਹਿਸ ਦੇ ਯੋਗ ਅਤੇ ਮਤਿਭੇਦ ਵਾਲੀ ਗਲੱ ਸੀ ਅਰਥਾਤ ਮਸੀਹ ਅਲੈਹਿ ਸਲਾਮ ਦੀ ਮੌਤ ਬਾਰੇ, ਇਸ ਵਲੱ ਉਹਨਾਂ ਨੇ ਰੱਤੀ ਭਰ ਵੀ ਧਿਆਨ ਨ ਦਿੱਤਾ। ਮੈਂ ਉਹਨਾ ਨੂੰ ਕਈ ਵਾਰ ਲਿਖਿੱਆ ਕਿ ਮੈਂ ਕਿਸੇ ਹੋਰ ਅਕੀਦੇ ਵਿਚੱ ਆਪ ਦਾ ਵਿਰੋਧੀ ਨਹੀਂ, ਕੇਵਲ ਇਸ ਗਲੱ ਦਾ ਵਿਰੋਧੀ ਹਾਂ ਕਿ ਮੈਂ ਆਪ ਵਾਂਗ ਹਜ਼ਰਤ ਮਸੀਹ ਈਸਾ ਅਲੈਹਿ ਸਲਾਮ ਦੇ ਸ਼ਰੀਰਕ ਜੀਵਨ ਦਾ ਕਾਇਲ ਨਹੀਂ। ਸਗੋਂ ਮੈਂ ਹਜ਼ਰਤ ਈਸਾ ਮਸੀਹ ਅਲੈਹਿ ਸਲਾਮ ਨੂੰ ਸਵਰਗਵਾਸੀ ਅਤੇ ਮੁਰਦਿਆਂ ਵਿਚੱ ਦਾਖ਼ਲ ਆਪਣੇ ਇਮਾਨ ਅਤੇ ਵਿਸ਼ਵਾਸ਼ ਨਾਲ ਜਾਣਦਾ ਹਾਂ ਅਤੇ ਉਹਨਾਂ ਦੇ ਸਵਰਗਵਾਸ ਕਰਨ ਉੱਤੇ ਵਿਸ਼ਵਾਸ ਰਖੱਦਾ ਹਾਂ ਅਤੇ ਵਿਸ਼ਵਾਸ ਕਿਉਂ ਨ ਰੱਖਾਂ ਜਦੱ ਕਿ ਮੇਰਾ ਮੌਲਾ (ਰਬੱ) ਮੇਰਾ ਆਕਾ (ਪ੍ਰਤੀਪਾਲਕ) ਆਪਣੀ ਪਵਿਤੱਰ ਕਿਤਾਬ ਕੁਰਆਨੇ ਕਰੀਮ ਵਿਚੱ ਉਹਨਾਂ ਨੂੰ ਸਵਰਗਵਾਸੀਆਂ ਦੀ ਜਮਾਅਤ ਵਿਚੱ ਦਾਖ਼ਲ ਕਰ ਚੁਕਿੱਆ ਹੈ ਅਤੇ ਸਾਰੇ ਕੁਰਆਨੇ ਕਰੀਮ ਵਿਚੱ ਇਕੱ ਵਾਰ ਵੀ ਉਹਨਾ ਦੀ ਮਰਿਆਦਾ ਦੇ ਵਿਪਰੀਤ ਜੀਵਨ ਅਤੇ ਉਹਨਾ ਦੇ ਦੁਬਾਰਾ ਆਉਣ ਦਾ ਵਰਣਨ ਨਹੀਂ ਮਿਲਦਾ, ਸਗੋਂ ਉਹਨਾ ਨੂੰ ਕੇਵਲ ਫ਼ੌਤ ਸ਼ੁਦਾ (ਸਵਰਗਵਾਸੀ) ਕਹਿ ਕੇ ਫਿਰ ਚੁਪੱ ਹੋ ਗਿਆ। ਇਸ ਲਈ ਉਹਨਾਂ ਦਾ ਇਸ ਸੰਸਾਰਿਕ ਸ਼ਰੀਰ ਨਾਲ ਜੀਉਂਦਾ ਹੋਣਾ ਅਤੇ ਫਿਰ ਕਿਸੇ ਸਮੇਂ ਦੁਬਾਰਾ ਸੰਸਾਰ ਵਿਚੱ ਆਉਣਾ ਨ ਕੇਵਲ ਆਪਣੇ ਹੀ ਇਲਹਾਮ (ਭਵਿਖੱਬਾਣੀ)

ਅਨੁਸਾਰ ਘਟਨਾ ਵਿਪਰੀਤ ਸਮਝਦਾ ਹਾਂ ਸਗੋਂ ਇਸ ਵਿਚਾਰ "ਮਸੀਹ ਦੇ ਜੀਊਂਦੇ ਹੋਣ" ਨੂੰ ਪ੍ਰਤਖੱ, ਸਪਸ਼ੱਟ, ਅਕਟੱ ਅਤੇ ਵਿਸ਼ਵਸਨੀ ਕੁਰਆਨੇ ਸ਼ਰੀਫ਼ ਦੇ ਆਦੇਸ਼ਾਂ ਦੇ ਪੱਖੋਂ ਵਿਅਰਥ ਅਤੇ ਝੂੱਠਾ ਸਮਝਦਾ ਹਾਂ। ਜੇਕਰ ਮੇਰਾ ਇਹ ਬਿਆਨ ਕੁਫ਼ਰ ਦੀ ਗਲੱ ਹੈ ਜਾਂ ਝੂਠੱ ਹੈ ਤਾਂ ਆਓ ਮੇਰੇ ਨਾਲ ਇਸ ਗਲੱ ਉੱਤੇ ਬਹਿਸ ਕਰੋ ਫ਼ਿਰ ਜੇਕਰ ਆਪ ਨੇ ਕੁਰਆਨੇ ਸ਼ਰੀਫ਼ ਅਤੇ ਹਦੀਸਾਂ ਨਾਲ ਹਜ਼ਰਤ ਈਸਾ ਅਲੈਹਿ ਸਲਾਮ ਦਾ ਸ਼ਰੀਰਕ ਜੀਵਨ ਸਿਧੱ ਕਰਕੇ ਵਿਖਾ ਦਿੱਤਾ ਤਾਂ ਮੈਂ ਇਸ ਕਥਨ ਤੋਂ ਪਰਤ ਜਾਵਾਂਗਾ ਸਗੋਂ ਆਪਣੀਆਂ ਉਹ ਕਿਤਾਬਾਂ ਜਿੰਨ੍ਹਾਂ ਵਿਚੱ ਇਹ ਵਿਸ਼ਾ ਹੈ ਸਾੜ੍ਹ ਦਿਆਂਗਾ। ਜੇਕਰ ਬਹਿਸ ਨਹੀਂ ਕਰ ਸਕਦੇ ਤਾਂ ਆਓ ਇਸ ਬਾਰੇ ਇਸ ਵਿਸ਼ੇ ਸੰਬੰਧੀ ਸਹੁੰ ਚੁੱਕੋ ਕਿ ਕੁਰਆਨੇ ਸ਼ਰੀਫ਼ ਵਿਚੱ ਮਸੀਹ ਦੇ ਆਕਾਲ ਚਲਾਣੇ ਬਾਰੇ ਕੁਝੱ ਵੀ ਵਰਣਨ ਨਹੀਂ ਸਗੋਂ ਜੀਵਨ ਦਾ ਬਰਣਨ ਹੈ ਜਾਂ ਕੋਈ ਹੋਰ ਸਹੀ ਹਦੀਸ (ਸੰਦੇਹ ਰਹਿਤ ਹਦੀਸ) ਮੌਜੂਦ ਹੈ। ਜਿਸ ਨੇ 'ਤਵੱਫ਼ੀ' (تَوَفِّیْ) ਸ਼ਬਦ ਦੀ ਕੋਈ ਵਿਪਰੀਤ ਵਿਆਖਿਆ ਕਰਕੇ ਮਸੀਹ ਦੇ ਸ਼ਰੀਰਕ ਜੀਵਨ ਬਾਰੇ ਕੋਈ ਪੁਸ਼ਟੀ ਕੀਤੀ ਹੋਵੇ। ਫਿਰ ਜੇਕਰ ਇਕੱ ਸਾਲ ਤਕੱ ਰਬੱ ਵੱਲੋਂ ਇਸ ਗਲੱ ਦਾ ਕੋਈ ਪੱਕਾ ਅਤੇ ਖੁੱਲ੍ਹਾ ਨਿਸ਼ਾਨ ਪ੍ਰਕਟ ਨ ਹੋਇਆ ਕਿ ਆਪ ਨੇ ਝੂੱਠੀ ਸਹੁੰ ਖਾਧੀ ਹੈ ਅਰਥਾਤ ਕਿਸੇ ਵਬਾਲ (ਮੁਸੀਬਤ) ਵਿਚੱ ਨ ਫੱਸੇ ਤਾਂ ਬਿਨ੍ਹਾਂ ਦੇਰ ਕੀਤੀਆਂ ਆਪ ਦੇ ਹੱਥਾਂ ਉੱਤੇ ਤੌਬਾ ਕਰਾਂਗਾ।

ਪਰ ਦੁਖੱ ਦੀ ਗਲੱ ਇਹ ਹੈ ਕਿ ਹਰ ਪ੍ਰਕਾਰ ਵਾਰ ਵਾਰ ਮੀਆਂ ਸਾਹਿਬ ਤੋਂ ਬੇਨਤੀ ਕੀਤੀ ਗਈ। ਪਰ ਉਹਨਾਂ ਨੇ ਨ ਬਹਸ ਕੀਤੀ ਅਤੇ ਨ ਹੀ ਸਹੁੰ ਚੁੱਕੀ ਅਤੇ ਨ ਹੀ ਕਾਫ਼ਰ ਕਾਫ਼ਰ ਆਖਣ ਤੋਂ ਮੁੜੇ। ਹਾਂ, ਆਪਣੇ ਆਪ ਨੂੰ ਬਚਾਈ ਰਖੱਣ ਅਤੇ ਅਪਮਾਨ ਨੂੰ ਲੋਕਾਂ ਤੋਂ ਗੁਪੱਤ ਰਖੱਣ ਲਈ ਝੂੱਠੇ ਇਸ਼ਤਿਹਾਰ ਪ੍ਰਕਾਸ਼ਤ ਕਰ ਦਿੱਤੇ ਜਿੰਨ੍ਹਾ ਵਿਚੱ ਵਾਰ ਵਾਰ ਲਿਖਿੱਆ ਗਿਆ ਕਿ ਬੇਸ਼ਕੱ ਉਹ ਤਾਂ ਇਸ ਨਿਮਾਣੇ ਨੂੰ ਬਹਿਸ ਲਈ ਅਖ਼ੀਰ ਤਕੱ ਬੁਲਾਉਂਦੇ ਰਹੇ ਅਤੇ ਸਹੁੰ ਚੁਕੱਣ ਨੂੰ ਵੀ ਤਿਆਰ ਸਨ, ਪਰ ਇਹ ਨਿਮਾਣਾ ਡਰ ਗਿਆ ਅਤੇ ਮੁਕਾਬਲੇ ਲਈ ਨਹੀਂ ਆਇਆ। ਮੀਆਂ ਸਾਹਿਬ ਅਤੇ ਸ਼ੇਖ਼ੁਲੱਕੁਲੱ ਅਖਵਾਉਂਣਾ ਅਤੇ ਐਨ੍ਹਾ ਝੂਠੱ। ਮੈਂ ਇਹਨਾਂ ਦੇ ਦੁਖੱ ਵਿਚੱ عَلَى الْكَاذِبِيْن (ਅਲਲ ਕਾਜ਼ਿਬੀਨ) ਕੀ ਆਖਾਂ, ਰਬੱ ਇਹਨਾਂ ਉੱਤੇ ਰਹਿਮ ਕਰੇ। ਸਰੋਤਿਓਂ ! ਜੇਕਰ ਕੁਝੱ ਚੰਗੀ ਸੋਚ ਰਖੱਦੇ ਹੋ ਤਾਂ ਨਿਸ਼ਚੇ ਹੀ ਜਾਣੋ ਕਿ ਇਹ ਸਾਰੀਆਂ ਗੱਲ੍ਹਾਂ ਮੀਆਂ ਸਾਹਿਬ ਅਤੇ ਉਹਨਾਂ ਦੇ ਚੇਲਿਆਂ ਦੀ ਪੂਰਨਤਾ ਧੋਖਾ, ਝੂਠੱ, ਫ਼ਰੇਬ ਅਤੇ ਕੇਵਲ ਜਨੂਨੀ ਡੀਂਗਾ ਹਨ, ਜਦੱ ਕਿ ਮੇਰੀ ਵੱਲੋਂ ਕਈ ਇਸ਼ਤਿਹਾਰ ਇਸ ਗਲੱ ਲਈ ਪ੍ਰਕਾਸ਼ਿਤ ਹੋਏ ਕਿ ਮੀਆਂ ਸਾਹਿਬ ਮਸੀਹ ਦੇ ਸਵਰਗਵਾਸ ਬਾਰੇ ਮੇਰੇ ਨਾਲ ਬਹਿਸ ਕਰਨ ਅਤੇ ਇਸੇ ਉਦੇਸ਼ ਲਈ ਮੈਂ ਕਸ਼ਟ ਉੱਤੇ ਕਸ਼ਟ ਝਲੱ ਕੇ ਨਿਰੰਤਰ ਇਕੱ ਮਹੀਨਾ ਦਿੱਲੀ ਵਿਚੱ ਰਿਹਾ। ਤਾਂ ਫ਼ਿਰ ਇਕੱ ਸੱਚਾਈ ਪਸੰਦ ਮਨੁਖੱ ਸਮਝ ਸਕਦਾ ਹੈ ਕਿ ਜੇਕਰ ਮੀਆਂ ਸਾਹਿਬ

ਬਹਿਸ ਲਈ ਸੱਚੇ ਮਨ ਨਾਲ ਤਿਆਰ ਹੁੰਦੇ ਤਾਂ ਮੈਂ ਕਿਉਂ ਨ ਉਹਨਾਂ ਨਾਲ ਬਹਿਸ ਕਰਦਾ। ਮਿਸਾਲ ਪ੍ਰਸਿਧੱ ਹੈ ਸਾਂਚ ਨੂੰ ਆਂਚ ਨਹੀਂ। ਮੈਂ ਉਸੇ ਪ੍ਰਕਾਰ ਹੁਣ ਵੀ ਮਸੀਹ ਦੀ ਮੌਤ ਬਾਰੇ ਬਹਿਸ ਲਈ ਤਿਆਰ ਬਰ ਤਿਆਰ ਹਾਂ ਜਿਵੇਂ ਕਿ ਪਹਿਲਾਂ ਹਾਜ਼ਰ ਸੀ। ਜੇਕਰ ਮੀਆਂ ਸਾਹਿਬ ਲਾਹੌਰ ਵਿਚੱ ਆਣ ਕੇ ਬਹਿਸ ਕਰਨੀ ਸਵੀਕਾਰ ਕਰਨ ਤਾਂ ਮੈਂ ਉਹਨਾ ਦੇ ਵਿਅਕਤੀਗਤੱ ਆਉਣ ਜਾਣ ਦਾ ਕਿਰਾਇਆ ਆਪ ਦਿਆਂਗਾ। ਜੇਕਰ ਆਉਣ ਲਈ ਰਾਜ਼ੀ ਹੋਣ ਤਾਂ ਮੈਂ ਉਹਨਾ ਦੀ ਤਹਿਰੀਰ ਉੱਤੇ ਬਿਨਾ ਦੇਰ ਕੀਤੀਆਂ ਕਿਰਾਇਆ ਪਹਿਲਾਂ ਭੇਜ ਸਕਦਾ ਹਾਂ। ਹੁਣ ਮੈਂ ਬਹਿਸ ਲਈ ਦਿੱਲੀ ਨਹੀਂ ਜਾਣਾ ਚਾਹੁੰਦਾ ਕਿਉਂਕਿ ਦਿੱਲੀ ਵਾਲਿਆਂ ਦਾ ਰੌਲ੍ਹਾ ਰੱਪਾ ਵੇਖੱ ਚੁਕਿੱਆ ਹਾਂ ਅਤੇ ਉਹਨਾਂ ਦੀਆਂ ਉਪੱਦਰ, ਫ਼ਸਾਦ ਅਤੇ ਜਨੂਨੀ ਗੱਲਾਂ ਸੁਣ ਚੁਕਿੱਆਂ ਹਾਂ। (وَلَا يُلۡدَغُ الۡمُؤۡمِنُ مِن جُحۡرٍ وَاحِدٍ مَرَّتَيۡنِ[1]) ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਜੇਕਰ ਮੈਂ ਮਸੀਹ ਦੀ ਮੌਤ ਦੀ ਬਹਿਸ ਤੋਂ ਇੰਨਕਾਰ ਕਰਾਂ ਤਾਂ ਮੇਰੇ ਉਪੱਰ (صلّ عن سبیل الله) ਦੇ ਸਬਬ ਰਬੱ ਦੀਆਂ ਹਜ਼ਾਰਾਂ ਲਾਨ੍ਹਤਾਂ ਹੋਣ। ਜੇਕਰ ਸ਼ੇਖ਼ੁਲੱਕੁਲੱ[2] ਸਾਹਿਬ ਇੰਨਕਾਰ ਕਰਨ ਤਾਂ ਉਹਨਾਂ ਉੱਤੇ ਇਸ ਤੋਂ ਅੱਧੀ ਹੀ ਸਹੀ ਅਤੇ ਜੇਕਰ ਉਹ ਹਾਜ਼ਰ ਹੋਣ ਤੋਂ ਮੂੰਹ ਮੋੜਦੇ ਹਨ ਤਾਂ ਫਿਰ ਮੈਂ ਇਹ ਵੀ ਆਗਿਆ ਦਿੰਦਾ ਹਾਂ ਕਿ ਉਹ ਆਪਣੀ ਥਾਂ ਉੱਤੇ ਹੀ ਲਿਖੱਤਾਂ ਰਾਹੀਂ ਸੱਚਾਈ ਦੇ

[1] ਮੋਮਿਨ ਇਕੱ ਸੁਰਾਖ਼ ਤੋਂ ਦੋ ਵਾਰ ਨਹੀਂ ਡਸਿੱਆ ਜਾਂਦਾ।

[2] ਅਰਥਾਤ ਵੱਡਾ ਮੌਲਵੀ ਜਾਂ ਵਿਧਵਾਨ। (ਅਨੁਵਾਦਕ)

ਪ੍ਰਗਟਾਵੇ ਲਈ ਬਹਿਸ ਕਰ ਲੈਣ। ਭਾਵ ਇਹ ਕਿ ਮੈਂ ਹਰ ਪ੍ਰਕਾਰ ਬਹਿਸ ਲਈ ਹਾਜ਼ਰ ਹਾਂ ਅਤੇ ਮੀਆਂ ਸਾਹਿਬ ਦੇ ਸੱਚੇ ਉੱਤਰ ਦਾ ਉਡੀਕਵਾਨ ਹਾਂ। ਮੈਂ ਬਹੁਤ ਗਰਮ ਜੋਸ਼ੀ ਨਾਲ ਮੀਆਂ ਸਾਹਿਬ ਵਲੋਂ ਇਸ ਕਰਕੇ ਤਿਆਰ ਹਾਂ ਕਿ ਲੋਕਾਂ ਦਾ ਵਿਚਾਰ ਹੈ ਕਿ ਉਹਨਾਂ ਦੀ ਵਿਦਿਅਕ ਯੋਗਤਾਂ ਸਭ ਤੋਂ ਵਧੀ ਹੋਈ ਹੈ ਅਤੇ ਉਹ ਭਾਰਤ ਦੇ ਓਲਮਾ ਵਿਚੋਂ ਮੂਲ ਜੜ੍ਹ ਵਾਂਗ ਹਨ ਅਤੇ ਕੋਈ ਸੰਦੇਹ ਨਹੀਂ ਕਿ ਜੜ੍ਹ ਕਟੱਣ ਨਾਲ ਸਾਰੀਆਂ ਟਾਹਣੀਆਂ ਆਪ ਹੀ ਡਿਗੱ ਜਾਣਗੀਆਂ। ਸੋ, ਮੈਨੂੰ ਜੜ੍ਹ ਵਲੋਂ ਹੀ ਧਿਆਨ ਦੇਣਾ ਚਾਹੀਦਾ ਹੈ ਅਤੇ ਟਹਾਣੀਆਂ ਆਪਣੇ ਆਪ ਹੀ ਢਹਿ ਜਾਣਗੀਆਂ ਅਤੇ ਇਸ ਬਹਿਸ ਰਾਹੀਂ ਸੰਸਾਰ ਉੱਤੇ ਖੁਲ੍ਹੱ ਜਾਵੇਗਾ ਕਿ ਸ਼ੇਖੁਲੱਕੁਲੱ ਸਾਹਿਬ ਕੋਲ੍ਹ ਮਸੀਹ ਅਲੈਹਿ ਸਲਾਮ ਦੇ ਸ਼ਰੀਰਕ ਜੀਵਨ ਉਪੱਰ ਕਿਹੜ੍ਹੀਆਂ ਵਿਸ਼ਵਸਨੀ ਦਲੀਲਾਂ ਹਨ। ਜਿੰਨ੍ਹਾਂ ਰਾਹੀਂ ਉਹਨਾਂ ਨੇ ਲੋਕਾਂ ਨੂੰ ਅਤਿਅੰਤ ਭੜਕਾਅ ਵਿਚੋਂ ਪਾਈ ਰਖਿੱਆ ਹੈ, ਪਰ ਇਹ ਭਵਿਖੱਬਾਣੀ ਵੀ ਚੇਤੇ ਰੱਖੋ ਕਿ ਉਹ ਉੱਕਾ ਹੀ ਬਹਿਸ ਨਹੀਂ ਕਰਨਗੇ ਅਤੇ ਜੇਕਰ ਕਰਨਗੇ ਤਾਂ ਅਜਿਹੇ ਅਪਮਾਨਤ ਹੋਣਗੇ ਕਿ ਮੂੰਹ ਵਿਖਾਉਣ ਦੀ ਥਾਂ ਨਹੀਂ ਰਹੇਗੀ। ਹਾਏ ! ਮੈਨੂੰ ਉਹਨਾਂ ਉੱਤੇ ਬਹੁਤ ਦੁਖੱ ਹੈ ਕਿ ਉਹਨਾਂ ਨੇ ਕੁਝੱ ਦਿਨਾਂ ਦੇ ਜੀਵਨ ਦੀ ਚਕਾ ਚੌਂਧ ਨਾਲ ਪ੍ਰੇਮ ਕਰਕੇ ਸੱਚਾਈ ਨੂੰ ਲੁਕੋਇਆ ਅਤੇ ਸੁਮਾਰਗ ਨੂੰ ਤਿਆਗ ਕੇ ਕੁਮਾਰਗ ਨਾਲ ਦਿਲ੍ਹ ਲਾਇਆ। ਉਹਨਾ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਮਸੀਹ ਅਲੈਹਿ

ਸਲਾਮ ਦੀ ਮੌਤ ਕੁਰਆਨੇ ਕਰੀਮ ਅਤੇ ਸਹੀ ਹਦੀਸਾਂ ਵਿਚੱ ਦਰਜ ਹੋਣ ਦੇ ਸਬਬ ਬਖ਼ੂਬੀ ਪ੍ਰਮਾਣਤ ਹੈ, ਪਰ ਸੰਪੂਰਨ ਬੇਈਮਾਨੀ ਅਤੇ ਖ਼ਿਆਨਤ ਦੇ ਮਾਰਗ ਰਾਹੀਂ ਇਸ ਗਵਾਹੀ ਨੂੰ ਪੂਰਾ ਕਰਨ ਤੋਂ ਜਾਣ ਬੁਝੱ ਕੇ ਪਿੱਛੇ ਹੱਟੇ ਰਹੇ। ਉਹਨਾਂ ਨੇ ਸੱਚਾਈ ਦਾ ਪੱਕਾ ਦੁਸ਼ਮਣ ਬਣ ਕੇ ਕੇਵਲ ਫ਼ਰੇਬ ਨਾਲ ਲੋਕਾਂ ਵਿਚੱ ਇਸ ਗਲੱ ਨੂੰ ਫੈਲਾਇਆ ਕਿ ਕੁਰਆਨੇ ਕਰੀਮ ਵਿਚੱ ਇਹੋ ਲਿਖਿੱਆ ਹੈ ਕਿ ਮਸੀਹ ਇਬਨੇ ਮਰੀਅਮ (ਮਰੀਅਮ ਦਾ ਪੁਤੱਰ ਈਸਾ) ਆਪਣੇ ਸੰਸਾਰਿਕ ਸ਼ਰੀਰ ਸਹਿਤ ਆਕਾਸ਼ ਉਪੱਰ ਚੁਕਿੱਆ ਗਿਆ ਹੈ ਅਤੇ ਮੌਤ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਮਿਲਦਾ। ਪਰ ਕਿਉਂਕਿ ਉਹ ਦਿਲੋਂ ਤੋਂ ਜਾਣਦੇ ਸਨ ਕਿ ਅਸੀ ਸੱਚਾਈ ਉਪੱਰ ਨਹੀਂ ਅਤੇ ਰਬੱ ਦੀ ਕਿਤਾਬ ਕੁਰਆਨ ਦੇ ਖ਼ਿਲਾਫ਼ ਕਹਿ ਰਹੇ ਹਾਂ, ਇਸੇ ਲਈ ਉਹ ਸਿੱਧੀ ਨਿਯਤ ਨਾਲ ਬਹਿਸ ਕਰਨ ਲਈ ਮੁਕਾਬਲੇ ਵਿਚੱ ਨਹੀਂ ਆਏ ਅਤੇ ਬੇਹੂਦਾ ਸ਼ਰਤਾਂ ਨਾਲ ਇਸ ਸੰਖੇਪ ਜਿਹੀ ਮਸੀਹ ਦੀ ਮੌਤ ਦੀ ਬਹਿਸ ਨੂੰ ਟਾਲ ਦਿੱਤਾ। ਗ਼ਜ਼ਬ ਦੀ ਗਲੱ ਇਹ ਹੈ ਕਿ ਸੱਚਾ ਜਲਾਲ ਵਾਲਾ ਰਬੱ ਤਾਂ ਇਹ ਫ਼ਰਮਾਏ ਕਿ ਮਸੀਹ ਇਬਨੇ ਮਰੀਅਮ ਮਰ ਗਿਆ ਹੈ ਅਤੇ ਮੀਆਂ ਨਜ਼ੀਰ ਹੁਸੈਨ ਇਹ ਆਖਣ ਕਿ ਨਹੀਂ, ਉੱਕਾ ਹੀ ਨਹੀਂ, ਸਗੋਂ ਉਹ ਤਾਂ ਜੀਉਂਦਾ ਸੰਸਾਰਕ ਸ਼ਰੀਰ ਨਾਲ ਆਕਾਸ਼ ਵਲੱ ਉਠਾਇਆ ਗਿਆ ਹੈ। ਵਾਹ ਵਾਹ! ਹੇ ਨਜ਼ੀਰ ਹੁਸੈਨ! ਤੂੰ ਤਾਂ ਖ਼ੂਬ ਕੁਰਆਨੇ ਸ਼ਰੀਫ਼ ਦੀ ਪੈਰਵੀ ਕੀਤੀ। ਕਿੱਥੇ ਇਹ ਕਿ ਕੁਰਆਨੇ

ਸ਼ਰੀਫ਼ ਵਿਚੱ ਆਕਾਸ਼ ਵਲੱ ਉਠਾਏ ਜਾਣ ਦਾ ਕਿੱਥੇ ਵੀ ਜ਼ਿਕਰ ਨਹੀਂ, ਸਗੋਂ ਮੌਤ ਦੇ ਬਾਦ ਆਪਣੇ ਵਲੱ ਬੁਲਾਉਣ ਦਾ ਜ਼ਿਕਰ ਹੈ ਜਿਵੇਂ ਕਿ ਸਾਧਾਰਣ ਤੌਰ ਉੱਤੇ ਸਾਰੀਆਂ ਸੁਮਾਰਗੀ ਮੁਰਦਿਆਂ ਲਈ (اِرْجِعِي إِلَىٰ رَبِّكِ[1]) "ਇਰਜਈ ਇਲਾ ਰਬਿੱਕਿ" (ਸੂਰਤ ਫ਼ਜਰ ਆਇਤ ਨੰਬਰ 29) ਦਾ ਸੰਬੋਧਨ ਹੈ । ਸੋ, ਉਹੋ ਹੀ ਰਫ਼ਾਅ ਇਲੱਲਾਹ (رفع الى الله) ਅਤੇ ਰਜੂਅ ਇਲੱਲਾਹ ਹੈ ਜਿਸ ਲਈ ਪਹਿਲਾਂ ਮੌਤ ਸ਼ਰਤ ਹੈ । ਹਜ਼ਰਤ ਮਸੀਹ ਈਸਾ ਦੇ ਵੀ ਨਸੀਬ ਹੋ ਗਿਆ, ਕਿੱਥੇ ਇਹ 'ਰਫ਼ਾਅ ਇਲੱਲਾਹ' (رفع الى الله) ਅਤੇ ਕਿੱਥੇ 'ਰਫ਼ਾਅ ਇਲਸੱਮਾਅ' (رفع الى السماء) । ਹਾਏ ਦੁਖੱ ਦੀ ਗਲੱ ਕਿ ਇਹਨਾਂ ਲੋਕਾਂ ਨੇ ਕੁਰਆਨੇ ਕਰੀਮ ਨੂੰ ਕਿਵੇਂ ਪਿਠੱ ਪਿੱਛੇ ਸੁਟੱ ਦਿੱਤਾ ਅਤੇ ਉਸ ਦੀ ਵਡਿੱਆਈ ਇਹਨਾਂ ਦੇ ਮੱਨੋ ਕਿਵੇ ਇਕੱ ਹੀ ਵਾਰ ਵਿਚੱ ਉਠੱ ਗਈ ਅਤੇ ਰਬੱ ਦੇ ਪਾਕ ਕਲਾਮ ਦੀ ਥਾਂ ਅਪ੍ਰਕ੍ਰਿਤਕ ਲਕੀਰਾਂ ਨਾਲ ਪ੍ਰੇਮ ਕਰਨ ਲੱਗੇ । ਕਿਤਾਬਾਂ ਨਾਲ ਤਾਂ ਲੱਦੇ ਹੋਏ ਹਨ। ਪਰ ਰਬੱ ਨੇ ਇਹਨਾਂ ਦੀ ਸਮਝ ਖੋਹ ਲਈ ਹੈ । ਜਿਤੱ ਅਤੇ ਹਾਰ ਦੇ ਵਿਚਾਰ ਨੇ ਇਮਾਨਦਾਰੀ ਅਤੇ ਇਮਾਨ ਨੂੰ ਦਬੱ ਲਿਆ ਅਤੇ ਕਲਪਨਾ ਅਤੇ ਹੰਕਾਰ ਨੇ ਸੱਚਾਈ ਪਰਵਾਨ ਕਰਨ ਤੋਂ ਪਿੱਛੇ ਕਰ ਦਿੱਤਾ ਅਤੇ ਮੈਨੂੰ ਤਾਂ ਇਸ ਗਲੱ ਦਾ ਰੱਤੀ ਵੀ ਦੁਖੱ ਨਹੀਂ ਕਿ ਮੀਆਂ ਨਜ਼ੀਰ ਹੁਸੈਨ ਅਤੇ ਉਹਨਾਂ ਦੇ ਚੇਲਿਆਂ ਨੇ ਇਕੱ ਝੂੱਠੀ ਜਿਤੱ ਨੂੰ ਅਣਵਾਪਰੀ ਗਲੱ ਵਾਂਗ ਪ੍ਰਸਿਧੱ

[1] ਆਪਣੇ ਰਬੱ ਵਲੱ ਖ਼ੁਸ਼ ਹੁੰਦੇ ਹੋਏ ਅਤੇ ਉਸ ਦੀ ਖ਼ੁਸ਼ੀ ਪਾਉਂਦੇ ਹੋਏ ਲੋਟ ਆ---ਅਲੱ ਫ਼ਜਰ ਆਇਤ ਨੰਬਰ 29 (ਅਨੁਵਾਦਕ)

ਕਰ ਦਿੱਤਾ ਅਤੇ ਅਸਲ ਗਲੱ ਨੂੰ ਛੁਪਾਇਆ ਅਤੇ ਨ ਹੀ ਮੇਰੇ ਲਈ ਇਹ ਦੁਖੱ ਦੀ ਗਲੱ ਹੈ ਕਿਉਂਕਿ ਜਿਸ ਅਵਸਥਾ ਵਿਚੱ ਸੱਚਾਈ ਅਤੇ ਸੱਚੀ ਗਲੱ ਇਹੋ ਹੈ ਕਿ ਵਾਸਤਵ ਵਿਚੱ ਮੀਆਂ ਸਾਹਿਬ ਹੀ ਇਕੱ ਵੱਡੇ ਅਪਮਾਨ ਨਾਲ ਸਦਾ ਪਰਾਜਿਤ ਅਤੇ ਹਾਰੇ ਹੋਏ ਹੋ ਗਏ ਹਨ ਅਤੇ ਅਜਿਹੇ ਡਿੱਗੇ ਹਨ ਕਿ ਹੁਣ ਫ਼ਿਰ ਕਦੇ ਵੀ ਖੜ੍ਹੇ ਨਹੀਂ ਹੋਣਗੇ। ਇੱਥੋਂ ਤਕੱ ਕਿ ਇਸੇ ਪਰਾਜਿਤ ਅਵਸਥਾ ਵਿਚੱ ਇਸ ਸੰਸਾਰ ਤੋਂ ਕੂਚ ਕਰ ਜਾਣਗੇ। ਫ਼ਿਰ ਜੇਕਰ ਲੋਕਾਂ ਦੀ ਮਲਾਮਤ ਉਪੱਰ ਪਰਦਾ ਪਾਉਣ ਲਈ ਇਕੱ ਬਣਾਉਟੀ ਜਿਤੱ ਦਾ ਚਿਤੱਰ ਆਪਣੀ ਅੱਖਾਂ ਸਾਮ੍ਹਣੇ ਰਖੱ ਕੇ ਕੁਝੱ ਮਿੰਟਾ ਲਈ ਆਪਣਾ ਜੀ ਖ਼ੁਸ਼ ਕਰ ਲੈਂਣ ਤਾਂ ਮੈਨੂੰ ਕਿਉਂ ਬੁਰਾ ਮੁਨਾਉਂਣਾ ਚਾਹੀਦਾ ਹੈ। ਸਗੋਂ ਜੇਕਰ ਰਹਿਮ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਏ ਤਾਂ ਉਹਨਾਂ ਦਾ ਇਹ ਹਕੱ ਵੀ ਹੈ, ਕਿਉਂਕਿ ਮੈਂ ਨਿਸ਼ਚੇ ਹੀ ਜਾਣਦਾ ਹਾਂ ਕਿ ਉਹਨਾਂ ਨੇ ਇਸ ਨਿਮਾਣੇ ਦੇ ਮੁਕਾਬਲੇ ਵਿਚੱ ਕਰਾਰੀ ਹਾਰ ਖਾ ਕੇ ਇਸ ਉਮਰ ਵਿਚੱ ਸਖ਼ਤ ਦੁਖੱ, ਖਜੱਲ ਹੋਣਾ ਅਤੇ ਸ਼ਰਮਿੰਦਗੀ ਪਹੁੰਚ ਗਈ ਹੈ, ਹੁਣ ਜੇਕਰ ਦੁੱਖ ਲੁਕਾਉਣ ਲਈ ਐਨ੍ਹੀਂ ਵੀ ਕਦਰ ਨ ਕਰਦੇ ਕਿ ਅਣਵਾਪਰੀ ਜਿਤੱ ਦਾ ਡੰਕਾ ਪਿਟੱਦੇ ਤਾਂ ਬੁਢੇਪੇ ਦਾ ਕਮਜ਼ੋਰ ਦਿਲ੍ਹ ਐਨ੍ਹੇ ਵੱਡੇ ਦੁਖੱ ਨੂੰ ਕਿਵੇਂ ਝਲੱ ਸਕਦਾ ਸੀ। ਸੋ, ਸੰਭਵਤਾ ਉਹਨਾਂ ਨੇ ਮਾਣ ਰਖੱਣਾ ਕਰਤੱਵ ਸਮਝ ਕੇ ਐਨ੍ਹਾ ਵੱਡਾ ਝੂਠੱ ਆਪਣੇ ਲਈ ਉਚਿੱਤ ਰਖਿੱਆ ਅਤੇ ਮੈਨੂੰ ਹੁਣੱ ਵੀ ਇਸ ਗਲੱ ਦੀ ਲੋੜ੍ਹ ਨਹੀਂ ਸੀ ਕਿ ਮੈਂ ਇੰਨ੍ਹਾਂ

ਸੱਚੀਆਂ ਗੱਲ੍ਹਾਂ ਦਾ ਪ੍ਰਕਟਾ ਕਰਕੇ ਇਹਨਾਂ ਦੀ ਝੂੱਠੀ ਖ਼ੁਸ਼ੀ ਨੂੰ ਖ਼ਤਮ ਕਰ ਦਿੰਦਾ ਕਿਉਂਕਿ ਜਿਤੱ ਹਾਰ ਉਪੱਰ ਨਜ਼ਰ ਰਖੱਣਾ ਇਕੱ ਜਨੂਨੀ ਵਿਚਾਰ ਹੈ ਅਤੇ ਸੱਚਾਈ ਦੇ ਪ੍ਰੇਮੀ ਕੇਵਲ ਸੱਚਾਈ ਨੂੰ ਹੀ ਚਾਹੁੰਦੇ ਹਨ। ਫਿਰ ਭਾਵੇ ਉਹ ਜਿਤੱ ਦੀ ਅਵਸਥਾ ਵਿਚੱ ਹਾਸਲ ਹੋਵੇ ਜਾਂ ਹਾਰ ਦੇ ਰੂਪ ਵਿਚੱ ਹੋਵੇ। ਪਰ ਕਿਉਂਕਿ ਲੋਕ ਅਜਿਹੀ ਗਲਤ ਅਤੇ ਵਿਰੋਧ ਭਰੀਆਂ ਲੇਖਣੀਆਂ ਰਾਹੀਂ ਧੋਖੇ ਵਿਚੱ ਪੈ ਜਾਂਦੇ ਹਨ ਅਤੇ ਅਣਵਾਪਰੀ ਪ੍ਰਸਿੱਧੀ ਕਰਕੇ ਪ੍ਰਭਾਵਿਤ ਹੋ ਕੇ ਇਹਨਾਂ ਲੇਖਣੀਆਂ ਨੂੰ ਸਹੀ ਅਤੇ ਵਕਾਰੀ ਸਮਝਣ ਲਗੱਦੇ ਹਨ ਅਤੇ ਇਸ ਦਾ ਕੁਪ੍ਰਭਾਵ ਲੋਕਾਂ ਦੇ ਦੀਨ ਨੂੰ ਕਰੜਾ ਹਾਣ ਪਹੁੰਚਾਉਂਦਾ ਹੈ। ਇਸੇ ਲਈ ਅਸਲ ਹਕੀਕਤ ਦਾ ਪ੍ਰਕਟ ਕਰਨਾ ਇਕੱ ਲਾਜ਼ਮੀ ਹਕੱ ਅਤੇ ਧਰਮ ਲਈ ਵਾਜਬ ਮੇਰੇ ਉਪੱਰ ਸੀ। ਜੋ ਪੂਰਾ ਕੀਤੇ ਬਿਨਾ ਚੁਪੱ ਨਹੀ ਰਹਿ ਸਕਦਾ ਸੀ। ਪਰ ਮੈਂ ਇਸ ਗਲੱ੍ਹ ਤੋਂ ਤਾਂ ਸ਼ਰਮਿੰਦਾ ਹਾਂ ਕਿ ਮੀਆਂ ਸਾਹਿਬ ਦੇ ਬੁਢੇਪੇ ਦੀ ਅਵਸਥਾ ਵਿਚੱ ਉਹਨਾਂ ਦੇ ਦੁਖੱ ਤਾਜ਼ਾ ਕਰਨ ਦਾ ਸਬਬ ਬਣਿਆ ਹਾਂ।

ਇੱਥੇ ਇਹ ਵੀ ਵਰਣਨ ਕਰਨਾ ਬੇਮੌਕਾ ਨਹੀਂ ਕਿ ਮੀਆਂ ਸਾਹਿਬ ਦੇ ਨਾਹਕੱ ਜ਼ੁਲਮਾਂ ਤੋਂ ਜੋ ਉਹਨਾਂ ਨੇ ਇਸ ਨਿਮਾਣੇ ਉਪੱਰ ਜਾਰੀ ਰੱਖੇ ਇਕੱ ਇਹ ਵੀ ਹੈ ਕਿ ਬਟਾਲਵੀ ਸਾਹਿਬ ਨੂੰ ਉਹਨਾਂ ਨੇ ਪੂਰੀ ਖੁਲੱ੍ਹ ਦੇ ਰੱਖੀ ਅਤੇ ਇਸ ਗਲੱ੍ਹ ਉੱਤੇ ਰਾਜ਼ੀ ਰਹੇ ਕਿ ਉਹ ਹਰ ਪ੍ਰਕਾਰ ਦੀਆਂ ਗਾਲ੍ਹਾਂ ਅਤੇ ਲਾਨ੍ਹ ਤਾਨ ਨਾਲ ਇਸ ਨਿਮਾਣੇ ਦੀ ਆਬਰੂ

ਉਪੱਰ ਦੰਦ ਤਿੱਖੇ ਕਰਦਾ ਰਹੇ । ਸੋ, ਉਹ ਮੀਆਂ ਸਾਹਿਬ ਦੀ ਇੱਛਾ ਅਨੁਸਾਰ ਹੱਦੋਂ ਹੀ ਲੰਘ ਗਿਆ ਅਤੇ ਪਵਿਤੱਰ ਆਇਤ (لَا يُحِبُّ اللّٰهُ الْجَهْرَ بِالسُّوْءِ[1]) ਦੀ ਕੁਝੱ ਵੀ ਪਰਵਾਹ ਨ ਕਰਕੇ ਅਜਿਹੀਆਂ ਗੰਦੀਆਂ ਗਾਲ੍ਹਾਂ ਕਢੱਣ ਉੱਤੇ ਆ ਗਿਆ ਕਿ ਚੂੜਿਆਂ ਚਮਾਰਾਂ ਦੇ ਕੰਨ ਵੀ ਕਟੱ ਦੇਣ ਇੱਥੋਂ ਤਕੱ ਕਿ ਇਸ ਪਵਿਤੱਰ ਵਿਅਕਤੀ ਨੇ ਸੈਂਕੜਿਆਂ ਲੋਕਾਂ ਦੇ ਰੂਬਰੂ ਦਿੱਲੀ ਦੀ ਜਾਮਾ ਮਸਜਿਦ ਵਿਚੱ ਇਸ ਨਿਮਾਣੇ ਨੂੰ ਲਚੱਰ ਗਾਲ੍ਹਾਂ ਕੱਢੀਆਂ । ਇਹਨਾਂ ਗਾਲ੍ਹਾਂ ਨੂੰ ਸੁਣਨ ਵਾਲਿਆਂ ਵਿਚੱ ਸ਼ੇਖ਼ ਹਾਮਿਦ ਅਲੀ ਮੇਰਾ ਮੁਲਾਜਿਮ ਵੀ ਹੈ । ਜੋ ਉਸ ਸਮੇਂ ਮੌਜੂਦ ਸੀ । ਜਿਸ ਦੀ ਹੋਰਨਾ ਲੋਕਾਂ ਨੇ ਵੀ ਤਸਦੀਕ ਕੀਤੀ । ਅਜਿਹਾ ਹੀ ਇਸ ਬਜ਼ੁਰਗ ਨੇ ਫਿਲੌਰ ਦੇ ਸਟੇਸ਼ਨ ਉਪੱਰ ਇਕੱ ਜਮਾਅਤ ਦੇ ਰੂਬਰੂ ਇਸ ਨਿਮਾਣੇ ਬਾਰੇ ਕਿਹਾ ਕਿ ਉਹ ਕੁੱਤੇ ਦੀ ਮੌਤ ਮਰੇਗਾ ਅਤੇ ਸਾਧਾਰਣ ਲੇਖਣੀਆਂ ਵਿਚੱ ਇਸ ਆਜਿਜ਼ ਦਾ ਨਾਂ ਕਾਫ਼ਰ ਅਤੇ ਦੱਜਾਲ ਰਖਿੱਆ ਅਤੇ 11 ਅਕਤੂਬਰ 1891 ਈ. ਨੂੰ ਇਕੱ ਕਾਰਡ ਵਿਚੱ ਜੋ ਉਸ ਨੇ ਮੁੰਨਸ਼ੀ ਫ਼ਤਹਿ ਮੁਹੰਮਦ ਅਹਿਲਕਾਰ ਰਿਆਸਤ ਜੰਮੂ ਦੇ ਨਾਂ ਲਿਖਿੱਆ ਜੋ ਇਸ ਸਮੇਂ ਮੇਰੇ ਸਾਮ੍ਹਣੇ ਪਿਆ ਹੈ । ਕੇਵਲ ਗਾਲ੍ਹਾਂ ਦੇ ਹੋਰ ਕੁਝੱ ਵੀ ਨਹੀਂ ਲਿਖਿੱਆ । ਖੁੱਲ੍ਹੀ ਤਹਿਰੀਰ ਵਿਚੱ ਸਖ਼ਤ ਗੰਦੀਆਂ ਗਾਲ੍ਹਾਂ ਦੇਣਾ ਅਤੇ ਕਾਰਡਾਂ ਉਪੱਰ ਜਿਸ ਨੂੰ ਹਰ ਕੋਈ ਵਿਅਕਤੀ ਪੜ੍ਹ ਸਕਦਾ ਹੈ, ਬਦਜ਼ੁਬਾਨੀ ਕਰਨੀ ਅਤੇ ਆਪਣੇ

[1] ਰਬੱ ਖ਼ੁਲ੍ਹੇ ਆਮ ਬੁਰੀ ਗਲ੍ਹੱ ਕਹਿਣ ਨੂੰ ਪਸੰਦ ਨਹੀਂ ਕਰਦਾ (ਅਨਿੱਸਾ ਆਇਤ ਨੰਬਰ 149)

ਵਿਰੋਧੀ ਜੋਸ਼ ਵਿਚੱ ਅਤਿ ਨੂੰ ਪਹੁੰਚ ਜਾਣਾ। ਕੀ ਇਸ ਆਦਤ ਨੂੰ ਰਬੱ ਪਸੰਦ ਕਰਦਾ ਹੈ ਜਾਂ ਇਸ ਵਤੀਰੇ ਨੂੰ ਸ਼ਰੀਫ਼ ਕਹਿ ਸਕਦੇ ਹਨ। ਇਸ 11 ਅਕਤੁਬਰ ਦੇ ਕਾਰਡ ਵਿਚੱ ਇਸ ਬਜ਼ੁਰਗ ਨੇ ਵੱਡੇ ਜੋਸ਼ ਨਾਲ ਇਸ ਨਮਾਣੇ ਬਾਰੇ ਲਿਖਿੱਆ ਹੈ ਕਿ ਇਹ ਵਿਅਕਤੀ ਵਾਸਤਵ ਵਿਚੱ ਕਾਫ਼ਰ ਹੈ ਦੱਜਾਲ ਹੈ ਮੁਲਹਿਦ (ਬੇਦੀਨ) ਹੈ ਝੂੱਠਾ ਹੈ। ਹੇ ਮੇਰੇ ਮੌਲਾ, ਹੇ ਮੇਰੇ ਪਿਆਰੇ ਆਕਾ! ਮੈਂ ਇਸ ਵਿਅਕਤੀ ਦੀਆਂ ਸਾਰੀਆਂ ਸਖ਼ਤ ਗੱਲ੍ਹਾਂ, ਲਾਨ੍ਹਤਾਂ ਅਤੇ ਗਾਲ੍ਹਾਂ ਦਾ ਉਤੱਰ ਤੇਰੇ ਉਪੱਰ ਛਡਿੱਆ। ਜੇਕਰ ਤੇਰੀ ਇਹੋ ਮਰਜ਼ੀ ਹੈ ਤਾਂ ਜੋ ਕੁਝੱ ਤੇਰੀ ਮਰਜ਼ੀ ਹੈ ਉਹ ਮੇਰੀ ਹੈ। ਮੈਨੂੰ ਇਸ ਤੋਂ ਵਧੱ ਕੁਝੱ ਨਹੀਂ ਚਾਹੀਦਾ ਕਿ ਤੂੰ ਰਾਜ਼ੀ ਹੋਵੇ। ਮੇਰਾ ਮਨ ਤੇਰੇ ਤੋਂ ਲੁਕਿੱਆ ਨਹੀਂ। ਤੇਰੀਆਂ ਨਿਗਾਹਾਂ ਮੇਰੇ ਅੰਦਰ ਤਕੱ ਪਹੁੰਚੀਆਂ ਹੋਈਆਂ ਹਨ। ਜੇਕਰ ਮੇਰੇ ਵਿਚੱ ਕੁਝੱ ਅੰਤਰ ਹੈ। ਤਾਂ ਕਢੱ ਦੇ ਅਤੇ ਜੇਕਰ ਤੇਰੀ ਨਿਗਾਹ ਵਿਚੱ ਮੇਰੇ ਵਿਚੱ ਕੁਝੱ ਬਦੀ ਹੈ ਤਾਂ ਮੈਂ ਤੇਰੇ ਹੀ ਮੂੰਹ ਦੀ ਇਸ ਤੋਂ ਪਨਾਹ ਮੰਗਦਾ ਹਾਂ। ਹੇ ਮੇਰੇ ਪਿਆਰੇ ਹਾਦੀ !! ਜੇਕਰ ਮੈਂ ਹਲਾਕਤ ਦਾ ਮਾਰਗ ਧਾਰਣ ਕੀਤਾ ਤਾਂ ਮੈਨੂੰ ਇਸ ਤੋਂ ਬਚਾ ਅਤੇ ਉਹ ਕੰਮ ਕਰਾ ਕਿ ਜਿਸ ਵਿਚੱ ਤੇਰੀ ਰਜ਼ਾ ਹੋਵੇ। ਮੇਰੀ ਰੂਹ ਬੋਲ ਰਹੀ ਹੈ ਕਿ ਤੂੰ ਮੇਰੇ ਲਈ ਹੈ ਅਤੇ ਹੋਵੇਗਾ। ਜਦੱ ਤੋਂ ਤੂੰ ਇਹ ਕਿਹਾ ਕਿ ਮੈਂ ਤੇਰੇ ਨਾਲ ਹਾਂ ਅਤੇ ਜਦੱ ਤੋਂ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ إِنِّي

مُهِينٌ مَن اَرَادَ اِهَانَتَكَ[1] 'ਇੰਨੀ ਮੁਹੀਨੂਨ ਮਨ ਅਰਾਦਾ ਇਹਾਨਤਕਾ' ਅਤੇ ਜਦੱ ਤੋਂ ਤੂੰ ਦਿਲਜੋਈ ਅਤੇ ਮਿਹਰ ਦੇ ਪੱਖੋਂ ਮੈਂਨੂੰ ਕਿਹਾ ਕਿ انت منی بمنزلة لا یعلمها الخلق[2] (ਅੰਤਾ ਮਿੰਨੀ ਬਿਮੰਨਜ਼ਿਲਤਿਨ ਲਾ ਯਾਲਮਹੁਲੱ ਖ਼ੁਲਕਾ) ਤਾਂ ਉਸ ਸਮੇਂ ਹੀ ਮੇਰੇ ਮਨ ਵਿਚੱ ਜਾਨ ਆ ਗਈ । ਤੇਰੀਆਂ ਦਿਲ੍ਹ ਨੂੰ ਆਰਾਮ ਬਖ਼ਸ਼ਣ ਵਾਲਿਆਂ ਗੱਲ੍ਹਾਂ ਮੇਰੇ ਜ਼ਖ਼ਮਾ ਉਪੱਰ ਮਰਹਮ ਹਨ । ਤੇਰੇ ਪ੍ਰੇਮ ਭਰੇ ਬਚਨ ਮੇਰੇ ਦੁੱਖੀ ਹਿਰਦੇ ਲਈ ਸਕੂਨ ਦੀਆਂ ਗੱਲ੍ਹਾਂ ਹਨ । ਮੈਂ ਗ਼ਮ ਵਿਚੱ ਡੁਬਿੱਆ ਹੋਇਆ ਸੀ ਤਾਂ ਤੂੰ ਮੈਂਨੂੰ ਖ਼ੁਸ਼ਖ਼ਬਰੀ ਦਿੱਤੀ । ਮੈਂ ਮੁਸੀਬਤ ਵਿਚੱ ਸੀ ਤੂੰ ਮੈਨੂੰ ਪੁਛਿੱਆ, ਮੇਰੇ ਪਿਆਰੇ ਮੇਰੇ ਲਈ ਇਹ ਖ਼ੁਸ਼ੀ ਬਹੁਤ ਹੈ ਕਿ ਤੂੰ ਮੇਰੇ ਲਈ ਹੈ ਅਤੇ ਮੈਂ ਤੇਰੇ ਲਈ ਹਾਂ । ਤੇਰੇ ਹਮਲੇ ਦੁਸ਼ਮਣਾਂ ਦੀਆਂ ਪੰਕਤੀਆਂ ਤੋੜ੍ਹ ਦੇਣਗੇ ਅਤੇ ਤੇਰੇ ਸਾਰੇ ਪਾਕ ਵਾਦੇ ਪੂਰੇ ਹੋਣਗੇ ਤੂੰ ਆਪਣੇ ਬੰਦਿਆਂ ਦਾ ਬਖ਼ਸ਼ਣਹਾਰ ਹੋਵੇਗਾ ।

ਫ਼ਿਰ ਮੈਂ ਪਹਿਲੀ ਗਲ੍ਹੱ ਉੱਤੇ ਆਉਂਦੀਆਂ ਹੋਇਆ ਸਰੋਤਿਆਂ ਉੱਤੇ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਬਟਾਲਵੀ ਨੇ ਜਿਨ੍ਹੀ ਕੌੜ੍ਹੀ ਭਾਸ਼ਾ ਲਿੱਖੀ ਹੈ ਉਹ ਕੇਵਲ ਇਕੱ ਨਮੂਨੇ ਵੱਜੋਂ ਬਿਆਨ ਕੀਤੀ ਗਈ ਹੈ ਨਹੀਂ ਤਾਂ ਉਸ ਵਿਅਕਤੀ ਦੀ ਦੁਰਭਾਸ਼ਾ ਦਾ ਕੋਈ ਅੰਤ ਨਹੀਂ ਰਿਹਾ ਅਤੇ ਵਾਸਤਵ ਵਿਚੱ ਇਹ ਸਾਰੀ ਦੁਰਭਾਸ਼ਾ ਮੀਆਂ ਨਜ਼ੀਰ ਹੁਸੈਨ ਸਾਹਿਬ ਦੀ ਹੈ ਕਿਉਂਕਿ ਉਸਤਾਦ ਦੀ ਇੱਛਾ ਦੇ ਵਿਰੁਧੱ ਚੇਲੇ ਨੂੰ

[1] ਜੋ ਤੇਰੀ ਬੇਇਜ਼ੱਤੀ ਕਰਨ ਦੀ ਕੋਸ਼ਿਸ਼ ਕਰੇਗਾ ਮੈਂ ਉਸ ਨੂੰ ਬੇਇਜ਼ੱਤ ਕਰ ਦਿਆਂਗਾ ।

[2] ਤੇਰਾ ਮੇਰੇ ਕੋਲ੍ਹ ਉਹ ਸਥਾਨ ਅਤੇ ਪਦਵੀ ਹੈ ਜਿਸ ਨੂੰ ਲੋਕ ਨਹੀਂ ਜਾਣਦੇ ।

ਕਦੇ ਵੀ ਜੁਰੱਤ ਨਹੀਂ ਹੁੰਦੀ। ਮੀਆਂ ਸਾਹਿਬ ਨੇ ਆਪ ਵੀ ਬਦ ਜ਼ੁਬਾਨੀ ਕੀਤੀ ਅਤੇ ਕਰਾਈ ਵੀ। ਬਟਾਲਵੀ ਦੀ ਕੋਈ ਵੀ ਬਦਗੋਈ ਮੀਆਂ ਸਾਹਿਬ ਨੂੰ ਮਕਰੂਹ (ਭੈੜੀ) ਨਹੀਂ ਲਗੱਦੀ ਸੀ ਅਤੇ ਮੀਆਂ ਸਾਹਿਬ ਦੇ ਘਰ ਬਹਿ ਕੇ ਇਕੱ ਹੋਰ ਹੰਕਾਰ ਭਰਿਆ ਇਸ਼ਤਿਹਾਰ ਬਟਾਲਵੀ ਨੇ ਲਿਖਿੱਆ ਜਿਸ ਵਿਚੱ ਇਸ ਨਿਮਾਣੇ ਬਾਰੇ ਇਹ ਵਾਕ ਦਰਜ ਸੀ ਕਿ ਇਹ ਮੇਰਾ ਸ਼ਿਕਾਰ ਹੈ ਕਿ ਬਦਕਿਸਮਤੀ ਨਾਲ ਫ਼ਿਰ ਦਿੱਲੀ ਵਿਚੱ ਮੇਰੇ ਕਬਜ਼ੇ ਵਿਚੱ ਆ ਗਿਆ ਅਤੇ ਮੈਂ ਖ਼ੁਸ਼ਕਿਸਮਤ ਹਾਂ ਕਿ ਭੱਜਿਆ ਹੋਇਆ ਸ਼ਿਕਾਰ ਫਿਰ ਮੈਂਨੂੰ ਮਿਲ ਗਿਆ। ਸਰੋਤਿਓਂ ! ਨਿਆਏ ਨਾਲ ਕਹੋ ਕਿ ਇਹ ਕਿਹੋ ਜਿਹੀ ਪਾਗਲ ਪੁਣੇ ਦੀਆਂ ਗੱਲਾਂ ਹਨ। ਮੈਂ ਸਚੱ ਸਚੱ ਕਹਿੰਦਾ ਹਾਂ ਕਿ ਇਸ ਜੁਗੱ ਦੇ ਸੂਝੱਵਾਨ ਡੂਮ ਅਤੇ ਨਕਲਾਂ ਲਾਉਣ ਵਾਲੇ ਵੀ ਥੋੜੀ ਬਹੁਤ ਹਯਾ ਨੂੰ ਕੰਮ ਵਿਚੱ ਲੈ ਆਉਦੇ ਹਨ ਅਤੇ ਪੁਸ਼ਤਾਂ ਦੇ ਵਿਗੜ੍ਹੇ ਵੀ ਅਜਿਹੀ ਕਮੀਨਗੀ ਅਤੇ ਸ਼ੇਖ਼ੀ ਨਾਲ ਭਰੇ ਹੰਕਾਰ ਆਪਣੀ ਸੱਚਾਈ ਜਾਨਣ ਵਾਲਿਆਂ ਦੇ ਸਾਮ੍ਹਣੇ ਮੂੰਹ ਉੱਤੇ ਨਹੀਂ ਲਿਆਉਂਦੇ। ਜੇਕਰ ਮੈਂ ਬਟਾਲਵੀ ਸਾਹਿਬ ਦਾ ਸ਼ਿਕਾਰ ਹੁੰਦਾ ਤਾਂ ਇਸ ਦੇ ਉਸਤਾਦ ਨੂੰ ਦਿੱਲੀ ਜਾ ਕੇ ਕਿਉਂ ਜਾ ਫੜ੍ਹਦਾ। ਕੀ ਚੇਲਾ ਗੁਰੂ ਤੋਂ ਵੱਡਾ ਹੈ। ਜਦੱ ਉਸਤਾਦ ਹੀ ਚਿੜੀ ਵਾਂਗ ਮੇਰੇ ਪੰਜੇ ਵਿਚੱ ਜਕੜਿਆ ਗਿਆ ਤਾਂ ਫਿਰ ਸਰੋਤੇ ਹੀ ਸਮਝ ਲੈਣ ਕਿ ਕੀ ਮੈਂ ਬਟਾਲਵੀ ਦਾ ਸ਼ਿਕਾਰ ਹੋਇਆ ਜਾਂ ਬਟਾਲਵੀ ਮੇਰੇ ਸ਼ਿਕਾਰ ਦਾ ਸ਼ਿਕਾਰ, ਬਟਾਲਵੀ ਦੀਆਂ ਸ਼ੇਖ਼ੀਆਂ ਸ਼ਿਖ਼ਰ ਨੂੰ ਪਹੁੰਚ

ਗਈਆਂ ਹਨ ਅਤੇ ਉਸ ਦੀ ਖੋਪੜੀ ਵਿਚੱ ਇਕੱ ਕੀੜ੍ਹਾ ਹੈ ਜਿਸ ਨੂੰ ਅਵਸ਼ ਹੀ ਇਕੱ ਦਿਨ ਰਬੱ ਕਢੱ ਦੇਵੇਗਾ। ਅਫ਼ਸੋਸ ਕਿ ਅਜੱ ਕਲ੍ਹੱ ਸਾਡੇ ਵਿਰੋਧੀਆਂ ਦਾ ਝੂਠੱ ਅਤੇ ਆਰੋਪਾਂ ਉਪੱਰ ਹੀ ਗੁਜ਼ਾਰਾ ਹੈ ਅਤੇ ਫ਼ਿਰਔਨੀ ਢੰਗ ਦੇ ਹੰਕਾਰ ਨਾਲ ਆਪਣਾ ਸਨਮਾਨ ਬਣਾਉਣਾ ਚਾਹੁੰਦੇ ਹਨ। ਫ਼ਿਰਔਨ ਉਸ ਦਿਨ ਤਕੱ ਜਦੱ ਉਹ ਆਪਣੇ ਲਸ਼ਕਰ ਸਣੇ ਗ਼ਰਕ ਹੋ ਗਿਆ ਇਹੋ ਸਮਝਦਾ ਰਿਹਾ ਕਿ ਮੂਸਾ ਉਸ ਦਾ ਸ਼ਿਕਾਰ ਹੈ ਅਖ਼ੀਰ ਦਰਿਆ ਨੇ ਉਹ ਦ੍ਰਿਸ਼ ਵਿਖਾ ਦਿੱਤਾ ਕਿ ਵਾਸਤਵ ਵਿਚੱ ਕੌਣ ਸ਼ਿਕਾਰ ਸੀ। ਮੈਂ ਸ਼ਰਮਿੰਦਿਆਂ ਹਾਂ ਕਿ ਅਯੋਗ ਵੈਰੀ ਦੇ ਮੁਕਾਬਲੇ ਨੇ ਮੈਨੂੰ ਕਿਸੇ ਕਦਰ ਸਖ਼ਤ ਸ਼ਬਦਾਂ ਲਈ ਮਜਬੂਰ ਕੀਤਾ ਨਹੀਂ ਤਾਂ ਮੇਰਾ ਸੁਭਾਵ ਇਸ ਤੋਂ ਦੂਰ ਹੈ ਕਿ ਕੋਈ ਸਖ਼ਤ ਗੱਲ੍ਹ ਮੂੰਹ ਉੱਤੇ ਲਿਆਵਾਂ। ਮੈਂ ਕੁਝੱ ਵੀ ਬੋਲਣਾ ਨਹੀਂ ਚਾਹੁੰਦਾ ਸੀ ਪਰ ਬਟਾਲਵੀ ਅਤੇ ਉਸ ਦੇ ਗੁਰੂ ਨੇ ਮੇਰੇ ਕੋਲ੍ਹੋਂ ਬੁਲਾਇਆ। ਹੁਣ ਵੀ ਬਟਾਲਵੀ ਲਈ ਚੰਗਾ ਹੈ ਕਿ ਆਪਣੀ ਪਾਲੀਸੀ ਬਦਲ ਲਵੇ ਅਤੇ ਮੂੰਹ ਨੂੰ ਲਗਾਮ ਲਾਏ ਨਹੀਂ ਤਾਂ ਇਹਨਾਂ ਦਿਨਾਂ ਨੂੰ ਰੋ ਰੋ ਕੇ ਯਾਦ ਕਰੇਗਾ। ਬਾ ਦਰਦ ਕੁਸ਼ਾਂ ਹਰ ਕਿ ਦਰ ਉਫ਼ਤਾਦ ਦਰ ਉਫ਼ਤਾਦ [1]وَمَا عَلَيۡنَا اِلَّا الۡبَلَوغُ الۡمُبِين

| | |
|---|---|
| گندم از گندم بروید جوزجو | از مکافات عمل غافل مشو |
| ਅਜ਼ ਮੁਕਾਫ਼ਾਤ ਅਮਲ ਗ਼ਾਫ਼ਲ ਮਸ਼ੋ[2] | ਗੰਦੁਮ ਅਜ਼ ਗੰਦੁਮ ਬਰਵੀਦ ਜੋ ਜ਼ ਜੋ |

[1] ਸਾਡਾ ਕਰਤਵ ਕੇਵਲ ਖੋਲ੍ਹ ਕੇ ਬਿਆਨ ਕਰਨਾ ਹੈ।

[2] ਕਣਕ ਤੋਂ ਕਣਕ ਪੈਦਾ ਹੁੰਦੀ ਹੈ ਅਤੇ ਜੌਂ ਤੋਂ ਜੌਂ, ਤੂੰ ਆਪਣੇ ਕਰਮਾਂ ਦੇ ਬਦਲੇ ਤੋਂ ਬੇਖ਼ਬਰ ਨ ਹੋ

ਜੋ ਲੋਕ ਇਹਨਾ ਝੂੱਠੇ ਇਸ਼ਤਿਹਾਰਾਂ ਉੱਤੇ ਖ਼ੁਸ਼ ਹੋ ਰਹੇ ਹਨ ਜਿੰਨ੍ਹਾ ਵਿਚੱ ਮੀਆਂ ਨਜ਼ੀਰ ਹੁਸੈਨ ਦੀ ਬਨਾਉਟੀ ਜਿਤੱ ਦਾ ਜ਼ਿਕਰ ਹੈ ਮੈਂ ਉਹਨਾਂ ਨੂੰ ਕੇਵਲ ਰਬੱ ਦੇ ਭਾਣੇ ਨਸੀਹਤ ਕਰਦਾ ਹਾਂ ਕਿ ਇਸ ਧੋਖੇ ਅਤੇ ਝੂਠੱ ਵਿਚੱ ਨਾਹਕੱ ਹੀ ਪਾਪ ਦੇ ਭਾਗੀਦਾਰ ਨ ਬਣੋ। ਮੈਂ 23 ਅਕਤੂਬਰ 1891 ਈ. ਦੇ ਇਸ਼ਤਿਹਾਰ ਵਿਚੱ ਵਿਸਥਾਰ ਨਾਲ ਬਿਆਨ ਕਰ ਚੁਕਿੱਆ ਹਾਂ ਕਿ ਮੀਆਂ ਸਾਹਿਬ ਹੀ ਬਹਿਸ ਕਰਨ ਤੋਂ ਗੁਰੇਜ਼ ਕਰ ਗਏ। ਇਹ ਕੀ ਸ਼ਰਾਰਤ ਅਤੇ ਬੇਹਿਯਾਈ ਦਾ ਆਰੋਪ ਹੈ ਕਿ ਮੇਰੇ ਬਾਰੇ ਉਡਾਇਆ ਗਿਆ ਹੈ ਕਿ ਸੰਭਵਤਾ ਮੈਂ ਮੀਆਂ ਨਜ਼ੀਰ ਹੁਸੈਨ ਤੋਂ ਡਰ ਗਿਆ (ਨਊਜ਼ ਬਿੱਲਾਹ)। ਮੈਂ ਉਹਨਾ ਤੋਂ ਉੱਕਾ ਹੀ ਨਹੀਂ ਡਰਿਆ ਅਤੇ ਕਿਉਂ ਡਰਦਾ ਮੈਂ ਉਸ ਚਾਨ੍ਹਣੇ ਦੇ ਮੁਕਾਬਲੇ ਵਿਚੱ ਜੋ ਮੈਂਨੂੰ ਆਕਾਸ਼ ਤੋਂ (ਰਬੱ ਰਾਹੀਂ) ਪ੍ਰਾਪਤ ਹੋਇਆ ਹੈ। ਇਹਨਾਂ ਸਿਰਫ਼ਿਰੇ ਮੁਲਾਵਾਂ ਨੂੰ ਪੂਰਨਤਾ ਨੇਤਰਹੀਨ ਸਮਝਦਾ ਹਾਂ। ਬਖ਼ੁਦਾ ਇਹਨਾਂ ਨੂੰ ਇਕੱ ਮਰੇ ਹੋਏ ਕੀੜ੍ਹੇ ਦੇ ਸਮਾਨ ਵੀ ਮੈਂ ਵਿਚਾਰ ਨਹੀਂ ਕਰਦਾ। ਕੀ ਕੋਈ ਜਿਉਂਦਾ ਮੁਰਦਿਆਂ ਤੋਂ ਡਰਿਆ ਕਰਦਾ ਹੈ। ਨਿਸ਼ਚੇ ਹੀ ਜਾਣੋ ਕਿ ਅਧਿਆਤਮਿਕ ਗਿਆਨ ਇਕੱ ਆਕਾਸ਼ੀ ਭੇਦ ਹੈ ਅਤੇ ਉਹੋ ਹੀ ਯਥਾ ਸੰਭਵ ਆਕਾਸ਼ੀ ਭੇਦ ਜਾਣਦਾ ਹੈ ਜੋ ਆਕਾਸ਼ ਤੋਂ (ਅਰਥਾਤ ਰਬੱ ਰਾਹੀਂ) ਫ਼ੈਜ਼ ਪਾਉਂਦਾ ਹੈ ਜੋ ਰਬੱ ਤਕੱ ਪਹੁੰਚਦਾ ਹੈ, ਉਹ ਹੀ ਉਸ ਦੇ ਕਲਾਮ ਦੇ ਸੂਖ਼ਮ ਭੇਦਾਂ ਤਕੱ ਪਹੁੰਚਦਾ ਹੈ ਜੋ ਪੂਰਨ ਚਾਨ੍ਹਣੇ ਵਿਚੱ ਠਹੁਰ ਰਖੱਦਾ ਹੈ ਉਹੋ ਹੈ ਜੋ

ਪੂਰੀ ਦ੍ਰਿਸ਼ਟੀ ਵੀ ਰਖੱਦਾ ਹੈ। ਹਾਂ, ਜੇਕਰ ਇਹ ਕਿਹਾ ਜਾਂਦਾ ਕਿ ਮੈਂ ਉਹਨਾਂ ਦੀਆਂ ਗੰਦੀਆਂ ਗਾਲ੍ਹਾਂ ਤੋਂ ਡਰ ਗਿਆ ਅਤੇ ਉਹਨਾਂ ਦੇ ਗੰਦ ਨਾਲ ਭਰੀਆਂ ਗੱਲ੍ਹਾਂ ਤੋਂ ਭੈਭੀਤ ਹੋਇਆ ਤਾਂ ਸੰਭਵਤਾ ਕਿਸੇ ਹਦੱ ਤਕੱ ਸਚੱ ਵੀ ਹੁੰਦਾ ਕਿਉਂਕਿ ਸਦਾ ਸ਼ਰੀਫ਼ ਲੋਕ ਬਦਕਾਰ ਲੋਕਾਂ ਤੋਂ ਡਰਿਆ ਕਰਦੇ ਹਨ ਅਤੇ ਸਭਿਆਚਾਰਕ ਲੋਕ ਅਸਭਿਆ ਬੋਲੀ ਵਾਲਿਆਂ ਤੋਂ ਪਰਹੇਜ਼ ਕਰ ਜਾਂਦੇ ਹਨ। "ਸ਼ਰੀਫ਼ ਅਜ਼ ਸਿਫ਼ਲਾ ਨਮੇ ਤਰਸਦ ਬਲਕਿ ਅਜ਼ ਸਿਫ਼ਲਗੀ ਊ ਮੈ ਤਰਸਦ[1]" ਅਸਲ ਹਕੀਕਤ ਇਹ ਹੈ ਕਿ ਰਬੱ ਦਾ ਇਰਾਦਾ ਸੀ ਕਿ ਮੀਆਂ ਨਜ਼ੀਰ ਹੁਸੈਨ ਨੂੰ ਸਾਮ੍ਹਣੇ ਲਿਆਏ ਅਤੇ ਲੋਕਾਂ ਉਪੱਰ ਜ਼ਾਹਰ ਕਰੇ। ਸੋ, ਚੰਗੀ ਸੋਚ ਰਖੱਣ ਵਾਲੇ ਜਾਣਦੇ ਹਨ ਕਿ ਉਹ ਇਲਾਹੀ ਇੱਛਾ ਅਨੁਸਾਰ ਪੂਰਾ ਹੋ ਗਿਆ ਅਤੇ ਨਜ਼ੀਰ ਹੁਸੈਨ ਦੀ ਸੰਜਮਤਾ, ਰਬੱ ਪ੍ਰਸਤੀ, ਗਿਆਨ ਅਤੇ ਮੁਆਰਫ਼ਤ ਦੀ ਸਾਰੀ ਚਮਕ ਖੁਲ੍ਹੱ ਗਈ ਅਤੇ ਸੰਜਮਤਾ ਦੇ ਤਿਆਗ ਦੀ ਵਿਪਦਾ ਨਾਲ ਇਕੱ ਜ਼ਿਲੱਤ ਉਹਨਾਂ ਨੂੰ ਪਹੁੰਚ ਗਈ ਪਰ ਇਕੱ ਹੋਰ ਜ਼ਿਲੱਤ ਅਜੇ ਬਾਕੀ ਹੈ ਜੋ ਉਹਨਾਂ ਲਈ ਅਤੇ ਉਹਨਾ ਦੇ ਸਹਿ ਵਿਚਾਰ ਲੋਕਾਂ ਲਈ ਤਿਆਰ ਹੈ ਜਿਸ ਦਾ ਜ਼ਿਕਰ ਅਸੀਂ ਅੱਗੇ ਕਰਦੇ ਹਾਂ :

| | |
|---|---|
| ਐ ਖ਼ੁਦਾ ਐ ਮਾਲਿਕੇ ਅਰਜ਼ੋ ਸਮਾਂ | ਐ ਪਨਾਹੇ ਹਿਜ਼ਬ ਖ਼ੁਦ ਦਰ ਹਰ ਬਲਾ |
| ਐ ਰਹੀਮ ਵ ਦਸਤਗੀਰ ਵ ਰਹਿਨੁਮਾ | ਏ ਕਿ ਦਰ ਦਸਤ ਤੂੰ ਫ਼ਜ਼ਲ ਅਸਤ ਵ ਕਜ਼ਾ |
| ਸਖ਼ਤ ਸ਼ੋਰ ਉਫ਼ਤਾਦ ਅੰਦਰ ਜ਼ਮੀਨ | ਰਹਿਮ ਕੁਨ ਬਰ ਖ਼ਲਕ ਐ ਜਾਨ ਆਫ਼ਰੀਨ |

[1] ਸ਼ਰੀਫ਼ ਲੋਕ ਨੀਚ ਲੋਕਾਂ ਤੋਂ ਨਹੀਂ ਡਰਦੇ ਪਰ ਉਨ੍ਹਾਂ ਦੀ ਨੀਚਤਾ ਤੋਂ ਡਰਦੇ ਹਨ।

| | |
|---|---|
| **ਅਮਰੇ ਫ਼ੈਸਲ ਅਜ਼ ਜਨਾਬ ਖ਼ੁਦ ਨੁਮਾਂ** | ਤਾਂ ਸ਼ਵਦ ਕਤਅ ਨਜ਼ਾਅ ਵ ਫ਼ਿਤਨਾ ਹਾ |
| ਇਕੱ ਕ੍ਰਿਸ਼ਮਾ ਆਪਣੀ ਕੁਦਰਤ ਕਾ ਦਿਖਾ | ਤੁਝ ਕੋ ਸਭ ਕੁਦਰਤ ਹੈ ਐ ਰਬੁੱਲ ਵਰਾ |
| **ਹਕੱ ਪ੍ਰਸਤੀ ਕਾ ਮਿਟਾ ਜਾਤਾ ਹੈ ਨਾਮ** | **ਇਕੱ ਨਿਸ਼ਾਂ ਦਿਖਲਾ ਕਿ ਹੋ ਹੁਜੱਤ ਤਮਾਮ[1]** |

**الهام الله تعالى**

**كِتَابٌ سَجَلْنَا مِنْ عِنْدِنَا**

## ਇਲਹਾਮ ਅੱਲਾਹ ਤਆਲਾ

## ਕਿਤਾਬੁਨ ਸਜੱਲਨਾ ਮਿਨ ਇੰਦਿਨਾ[2]

# ਆਸਮਾਨੀ ਫ਼ੈਸਲਾ

**(ਆਕਾਸ਼ੀ ਫ਼ੈਸਲਾ)**

**ਇਸ ਤੋਂ ਪਹਿਲਾਂ ਕਿ ਮੈਂ ਆਕਾਸ਼ੀ ਫੈਸਲੇ ਦਾ ਜ਼ਿਕਰ ਕਰਾਂ ਕੇਵਲ ਇੰਨ੍ਹਾ ਲਿਖੱਣਾ ਜ਼ਰੂਰੀ ਹੈ ਕਿ ਇਹ ਗਲੱ ਪ੍ਰਕਟ ਹੈ ਕਿ ਜੋ ਲੋਕ ਰਬੱ ਨੇੜੇ ਵਾਸਤਵ ਵਿਚੱ ਮੋਮਿਨ ਹਨ ਅਤੇ ਜਿੰਨ੍ਹਾ ਨੂੰ ਰਬੱ ਨੇ ਆਪਣੇ ਲਈ ਵਿਸ਼ੇਸ਼ ਕਰਕੇ ਚੁਣ ਲਿਆ ਹੈ ਅਤੇ ਆਪਣੇ ਹੱਥੀ ਸਾਫ਼ ਕੀਤਾ**

---

[1] ਹੇ ਰਬੱ ! ਹੇ ਜ਼ਮੀਨ ਅਤੇ ਆਕਾਸ਼ ਦੇ ਮਾਲਿਕ, ਹਰ ਇਕੱ ਮੁਸੀਬਤ ਵਿਚੱ ਆਪਣੇ ਸੇਵਕਾਂ ਨੂੰ ਪਨਾਹ ਦੇਣ ਵਾਲੇ । ਹੇ ਦਿਆਲੂ, ਡਿਗੱਦੇ ਨੂੰ ਸਾਂਭਣ ਵਾਲੇ ਅਤੇ ਸੁਮਾਰਗ ਵਿਖਾਉਣ ਵਾਲੇ, ਤੇਰੇ ਹਥੱ ਵਿਚੱ ਫ਼ੈਸਲਾ ਅਤੇ ਆਦੇਸ਼ ਹੈ । ਸੰਸਾਰ ਵਿਚੱ ਸਖ਼ਤ ਰੌਲ੍ਹਾਂ-ਰੱਪਾ ਹੈ, ਹੇ ਜਨਮ ਦਾਤਾ ! ਲੋਕਾਂ ਉੱਤੇ ਰਹਿਮ ਕਰ ਅਤੇ ਆਪਣੇ ਵਲੋਂ ਇਕੱ ਫ਼ੈਸਲਾ ਕਰਕੇ ਆਪ ਵਿਖਾ ਦੇ ਤਾਂ ਕਿ ਇਹ ਝਗੜ੍ਹਾ ਅਤੇ ਫ਼ਸਾਦ ਖ਼ਤਮ ਹੋਵੇ । ਇਕੱ ਚਮਤਕਾਰ ਆਪਣੀ ਕੁਦਰਤ ਦਾ ਵਿਖਾ ਦੇ ਕਿ ਹੇ ਰੱਬਾ ! ਤੂੰ ਸਰਵ ਸ਼ਕਤੀਮਾਨ ਹੈ । ਇਕੱ ਈਸ਼ਵਰ ਦਾ ਨਾਂ ਸੰਸਾਰ ਤੋਂ ਖ਼ਤਮ ਹੋ ਰਿਹਾ ਹੈ । ਹੇ ਰੱਬਾ ! ਇਕੱ ਅਜਿਹਾ ਚਮਤਕਾਰ ਵਿਖਾ ਕਿ ਸਬੂਤ ਸੰਪੂਰਨ ਹੋ ਜਾਵੇ । (ਅਨੁਵਾਦਕ)

[2] ਇਹ ਉਹ ਕਿਤਾਬ ਹੈ ਜਿਸ ਉੱਤੇ ਅਸੀਂ ਆਪਣੇ ਕੋਲੋਂ ਮੋਹਰ ਲਾ ਦਿੱਤੀ ਹੈ

ਹੈ ਅਤੇ ਆਪਣੇ ਪਿਆਰਿਆਂ ਦੇ ਸਮੂਹ ਵਿਚੱ ਥਾਂ ਦਿੱਤੀ ਹੈ ਅਤੇ ਜਿੰਨ੍ਹਾ ਦੇ ਹਕੱ ਵਿਚੱ ਫ਼ਰਮਾਇਆ ਹੈ। فِیْ وُجُوْھِھِمْ مِّنْ اَثَرِ السُّجُوْدِ[1] ਫ਼ੀ ਵੁਜੂਹਿਹਿਮ ਮਿਨ ਅਸਰਿਸੁੱਜੂਦ। ਉਸ ਵਿਚੱ ਸਜੱਦਿਆਂ ਅਤੇ ਇਬਾਦਤਾਂ ਦੇ ਪ੍ਰਭਾਵ ਜ਼ਰੂਰ ਪਾਏ ਜਾਣੇ ਚਾਹੀਦੇ ਹਨ। ਕਿਉਂਕਿ ਰਬੱ ਦੇ ਵਚਨ ਵਿਚੱ ਖ਼ਤਾ (ਗ਼ਲਤੀ), ਮਤਿਭੇਦ ਅਤੇ ਬਣਾਵਟ ਨਹੀਂ ਸੋ, ਇਹਨਾਂ ਸਾਰੀਆਂ ਅਲਾਮਤਾਂ ਦਾ ਮੋਮਿਨਾਂ ਵਿਚੱ ਪਾਇਆ ਜਾਣਾ ਜਿੰਨ੍ਹਾ ਦਾ ਕੁਰਆਨੇ ਕਰੀਮ ਵਿਚੱ ਮੋਮਿਨਾ ਦੀ ਪ੍ਰਸ਼ੰਸ਼ਾ ਵਿਚੱ ਜ਼ਿਕਰ ਕੀਤਾ ਗਿਆ ਹੈ, ਵਿਸ਼ਵਾਸ ਦੀਆਂ ਲੋੜ੍ਹਾਂ ਵਿੱਚੋਂ ਹੈ ਅਤੇ ਮੋਮਿਨਾਂ ਅਤੇ ਅਜਿਹੇ ਵਿਅਕਤੀ ਵਿਚੱ ਨਿਰਣਾ ਕਰਨ ਲਈ ਜ਼ਿਸ ਦਾ ਨਾਂ ਇਸ ਕੌਮ ਦੇ ਮੌਲਵੀਆਂ ਨੇ ਕਾਫ਼ਰ ਰਖਿੱਆ ਅਤੇ ਮੁਫ਼ਤਰੀ (ਫ਼ਰੇਬੀ), ਦੱਜਾਲ (ਝੂੱਠਾ) ਅਤੇ ਮੁਲਹਿਦ (ਬੇਦੀਨ, ਅਧਰਮੀ) ਕਰਾਰ ਦਿੱਤਾ। ਇਹੋ ਨਿਸ਼ਾਨੀਆਂ ਪੂਰਨ ਕਸੌਟੀ, ਪਰਖ ਅਤੇ ਮਿਆਰ ਹਨ। ਸੋ ਜੇਕਰ ਕੋਈ ਵਿਅਕਤੀ ਆਪਣੇ ਮੁਸਲਮਾਨ ਭਰਾ ਦਾ ਨਾਂ ਕਾਫ਼ਰ ਰੱਖੇ ਅਤੇ ਉਸ ਤੋਂ ਸੰਤੁਸ਼ਟ ਨ ਹੋਵੇ ਕਿ ਉਹ ਵਿਅਕਤੀ ਆਪਣੇ ਇਮਾਨਦਾਰ ਹੋਣ ਦਾ ਇਕਰਾਰ ਕਰਦਾ ਹੈ ਅਤੇ ਪਵਿਤੱਰ ਕਲਮੇ (لَا اِلٰہَ اِلَّا اللّٰہُ مُحَمَّدٌ رَّسُوْلُ اللّٰہِ[2]) 'ਲਾ ਇਲਾਹਾ ਇਲੱਲਾਹੋ

---

[1] ਉਨ੍ਹਾਂ ਵਿਚੱ ਨਿਮਰਤਾ ਅਤੇ ਭਗਤੀ ਦੇ ਨਿਸ਼ਾਨ ਜ਼ਰੂਰ ਪਾਏ ਜਾਂਦੇ ਹਨ

(ਸੂਰਾਤੁਲੱ ਫ਼ਤਹ ਆਇਤ ਨੰਬਰ 30)(ਅਨੁਵਾਦਕ)

[2] ਰਬੱ ਤੋਂ ਬਿਨਾਂ ਕੋਈ ਇਬਾਦਤ ਦੇ ਯੋਗ ਨਹੀਂ ਅਤੇ ਮੁਹੰਮਦ ਸਲੱਲਾਹੋ ਅਲੈਹਿ ਵਸਲੱਮ ਉਸ ਦੇ ਰਸੂਲ (ਦੂਤ) ਹਨ। (ਅਨੁਵਾਦਕ)

ਮੁਹੰਮਦੁਰ ਰਸੂਲੁੱਲਾਹ' ਦਾ ਸਮਰਥਕ ਹੈ ਅਤੇ ਇਸਲਾਮ ਦੇ ਸਾਰੇ ਅਕੀਦਿਆਂ ਨੂੰ ਮੰਨ੍ਹਣ ਵਾਲਾ ਹੈ ਅਤੇ ਰਬੱ ਵੱਲੋਂ ਲਾਏ ਸਾਰੇ ਕਰਤਵਾਂ, ਸੀਮਾਵਾਂ ਅਤੇ ਆਦੇਸ਼ਾਂ ਨੂੰ ਫ਼ਰਜ਼, ਸੀਮਾ ਅਤੇ ਆਦੇਸ਼ ਸਮਝਦਾ ਹੈ ਅਤੇ ਯਥਾ ਸੰਭਵ ਉਹਨਾਂ ਉੱਤੇ ਅਮਲ ਕਰਦਾ ਹੈ ਤਾਂ ਫਿਰ ਅਖ਼ੀਰਲੇ ਫ਼ੈਸਲੇ ਦਾ ਢੰਗ ਇਹ ਹੈ ਕਿ ਦੋਹਾਂ ਨੂੰ ਉਹਨਾਂ ਨਿਸ਼ਾਨੀਆਂ ਉੱਤੇ ਪਰਖਿਆ ਜਾਵੇ । ਜੋ ਰਬੱ ਨੇ ਮੋਮਿਨਾਂ ਅਤੇ ਕਾਫ਼ਰਾਂ ਵਿਚੱ ਅੰਤਰ ਪ੍ਰਕਟ ਕਰਨ ਲਈ ਕੁਰਆਨੇ ਕਰੀਮ ਵਿਚੱ ਦੱਸਿਆਂ ਹਨ । ਤਾਂ ਜੋ ਵਿਅਕਤੀ ਵਾਸਤਵ ਵਿਚੱ ਰਬੱ ਦੇ ਨੇੜੇ ਮੋਮਿਨ ਹੈ। ਉਸ ਨੂੰ ਰਬੱ ਆਪਣੇ ਵਚਨਾਂ ਅਨੁਸਾਰ ਕੁਫ਼ਰ ਦੀ ਊਂਝ ਤੋਂ ਮੁਕਤ ਕਰੇ ਅਤੇ ਉਸ ਵਿਚੱ ਅਤੇ ਦੂਜੇ ਵਿਚੱ ਅੰਤਰ ਕਰਕੇ ਵਿਖਾ ਦੇਵੇ ਅਤੇ ਪ੍ਰਤੀਦਿਨ ਦਾ ਕਿੱਸਾ ਹੀ ਮੁਕੱ ਜਾਵੇ। ਇਹ ਗਲੱ ਹਰ ਇਕੱ ਸੂਝਵਾਨ ਸਮਝ ਸਕਦਾ ਹੈ ਕਿ ਜੇਕਰ ਇਹ ਵਿਨੀਤ ਜਿਵੇਂ ਕਿ ਮੀਆਂ ਨਜ਼ੀਰ ਹੁਸੈਨ ਅਤੇ ਉਸ ਦੇ ਚੇਲ੍ਹੇ ਬਟਾਲਵੀ ਦਾ ਵਿਚਾਰ ਹੈ ਵਾਸਤਵ ਵਿਚੱ ਕਾਫ਼ਰ, ਦੱਜਾਲ, ਮੁਫ਼ਤਰੀ, ਲਾਨ੍ਹਤੀ ਅਤੇ ਇਸਲਾਮ ਵਿੱਚੋਂ ਖ਼ਾਰਜ ਹੈ। ਤਾਂ ਰਬੱ ਇਹਨਾਂ ਦੇ ਟਾਕਰੇ ਵਿਚੱ ਕੋਈ ਨਿਸ਼ਾਨ (ਚਮਤਕਾਰ) ਇਸ ਨਿਮਾਣੇ ਦੀ ਪ੍ਰਮਾਣਿਕਤਾ ਲਈ ਪ੍ਰਕਟ ਨਹੀਂ ਕਰੇਗਾ। ਕਿਉਂਕਿ ਰਬੱ ਕਾਫ਼ਰਾਂ ਅਤੇ ਆਪਣੇ ਧਰਮ ਦੇ ਵਿਰੋਧੀਆਂ ਬਾਰੇ ਜੋ ਅਧਰਮੀ ਅਤੇ ਮਰਦੂਦ ਹਨ । ਆਸਥਾ ਦੇ ਚਿੰਨ੍ਹ ਵਿਖਾਉਣ ਲਈ ਉੱਕਾ ਹੀ ਆਪਣੀ ਪਖੱਤਾ ਪ੍ਰਕਟ ਨਹੀਂ ਕਰਦਾ ਅਤੇ

ਕਰੇ ਵੀ ਕਿਉਂ । ਜਦੋਂ ਕਿ ਉਹ ਉਹਨਾਂ ਨੂੰ ਜਾਣਦਾ ਹੈ ਕਿ ਉਹ ਧਰਮ ਦੇ ਦੁਸ਼ਮਣ ਅਤੇ ਵਿਸ਼ਵਾਸ ਦੀ ਨੇਮਤ ਤੋਂ ਸਖੱਣੇ ਹਨ । ਸੋ, ਜਿਵੇਂ ਕਿ ਮੀਆਂ ਨਜ਼ੀਰ ਹੁਸੈਨ ਸਾਹਿਬ ਅਤੇ ਬਟਾਲਵੀ ਨੇ ਮੇਰੇ ਬਾਰੇ ਕੁਫ਼ਰ ਅਤੇ ਅਧਰਮੀ ਦਾ ਫ਼ਤਵਾ ਲਿਖਿੱਆ । ਜੇਕਰ ਮੈਂ ਵਾਸਤਵ ਵਿਚੱ ਅਜਿਹਾ ਹੀ ਕਾਫ਼ਰ, ਦੱਜਾਲ ਅਤੇ ਅਧਰਮੀ ਹਾਂ ਤਾਂ ਰਬੱ ਇਸ ਮੁਕਾਬਲੇ ਵਿਚੱ ਉੱਕਾ ਹੀ ਮੇਰੀ ਪਖੱਤਾ ਨਹੀਂ ਕਰੇਗਾ । ਸਗੋਂ ਆਪਣੀ ਪਖੱਤਾ ਤੋਂ ਮੈਨੂੰ ਸਖੱਤਾ ਰਖੱ ਕੇ ਅਜਿਹਾ ਅਪਮਾਨਤ ਕਰੇਗਾ ਕਿ ਜਿਵੇਂ ਐਨ੍ਹੇ ਵੱਡੇ ਕੁਰਾਹੀਏ ਅਤੇ ਝੂੱਠੇ ਦਾ ਦੰਡ ਹੋਣਾ ਚਾਹੀਦਾ ਹੈ ਅਤੇ ਇਸ ਅਵਸਥਾ ਵਿਚੱ ਇਸਲਾਮ ਦੇ ਮੰਨ੍ਹਣ ਵਾਲੇ ਮੇਰੇ ਉਪੱਦਰਾਂ ਤੋਂ ਬਚੱ ਜਾਣਗੇ ਅਤੇ ਸਾਰੇ ਮੁਸਲਮਾਨ ਮੇਰੇ ਫ਼ਿਤਨੇ ਤੋਂ ਅਮਨ ਵਿਚੱ ਆ ਜਾਣਗੇ । ਪਰੰਤੂ ਜੇਕਰ ਕੁਦਰਤ ਦਾ ਕ੍ਰਿਸ਼ਮਾ (ਚਮਤਕਾਰ) ਇਹ ਪੈਦਾ ਹੋਇਆ ਕਿ ਮੀਆਂ ਨਜ਼ੀਰ ਹੁਸੈਨ ਆਪ ਅਤੇ ਉਹਨਾ ਦੀ ਜਮਾਅਤ ਦੇ ਲੋਕ ਬਟਾਲਵੀ ਆਦਿ ਪਖੱਤਾ ਦੇ ਨਿਸ਼ਾਨਾਂ ਵਿਚੱ ਵਾਂਝੇ ਅਤੇ ਸਖੱਣੇ ਰਹੇ ਅਤੇ ਇਲਾਹੀ ਮਦਦ (ਪਖੱਤਾ) ਮੇਰੇ ਪਖੱ ਵਿਚੱ ਹੋ ਗਈ । ਤਾਂ ਇਸ ਅਵਸਥਾ ਵਿਚੱ ਵੀ ਲੋਕਾਂ ਉਪੱਰ ਸੱਚਾਈ ਖੁਲ੍ਹੱ ਜਾਵੇਗੀ ਅਤੇ ਦਿਨ ਪ੍ਰਤੀਦਿਨ ਦੇ ਝੱਗੜ੍ਹਿਆਂ ਦਾ ਖ਼ਾਤਮਾ ਹੋ ਜਾਵੇਗਾ ।

ਹੁਣ ਜਾਨਣਾ ਚਾਹੀਦਾ ਹੈ ਕਿ ਰਬੱ ਨੇ ਕੁਰਆਨੇ ਕਰੀਮ ਵਿਚੱ ਚਾਰ ਮਹਾਨ ਆਕਾਸ਼ੀ ਪੱਖਾਂ ਦਾ ਸੰਜਮੀਆਂ ਅਤੇ ਕਾਮਲ ਮੋਮਿਨਾ ਲਈ

ਵਚਨ ਦਿੱਤਾ ਹੈ ਅਤੇ ਉਹੋ ਹੀ ਕਾਮਲ ਮੋਮਿਨਾਂ ਦੀ ਸ਼ਨਾਖ਼ਤ ਲਈ ਕਾਮਲ ਅਲਾਮਤਾਂ ਹਨ ਅਤੇ ਉਹ ਇਹ ਹਨ। ਪਹਿਲੀ ਇਹ ਕਿ ਕਾਮਲ ਮੋਮਿਨ ਨੂੰ ਰਬੱ ਵੱਲੋਂ ਅਧਿਕਤਰ ਖ਼ੁਸ਼ਖ਼ਬਰੀਆਂ ਮਿਲਦੀਆਂ ਹਨ। ਅਰਥਾਤ ਘਟਨਾ ਦੇ ਵਾਪਰਣ ਤੋਂ ਪਹਿਲਾਂ ਖ਼ੁਸ਼ਖ਼ਬਰੀਆਂ। ਜੋ ਉਸ ਦੀ ਮੁਰਾਦਾਂ ਜਾਂ ਉਸ ਦੇ ਮਿਤੱਰਾਂ ਦੀਆਂ ਮੰਗਾ ਹਨ। ਉਸ ਨੂੰ ਦਸਿੱਆਂ ਜਾਂਦੀਆਂ ਹਨ। ਦੂਜਾ ਇਹ ਕਿ ਕਾਮਲ ਮੋਮਿਨ ਉੱਤੇ ਅਜਿਹੇ ਗ਼ੈਬ ਦੇ ਕਾਰਜ ਖੁਲ੍ਹੱਦੇ ਹਨ। ਜੋ ਨ ਕੇਵਲ ਉਸ ਦੇ ਵਿਅਕਤੀਗਤ ਜਾਂ ਉਸ ਦੇ ਸੰਬੰਧੀਆਂ ਬਾਰੇ ਹੁੰਦੇ ਹਨ। ਸਗੋਂ ਜੋ ਕੁਝੱ ਸੰਸਾਰ ਵਿਚੱ ਪ੍ਰਾਕ੍ਰਿਤੀ ਪੈਦਾ ਹੋਣ ਵਾਲੀ ਹੈ ਜਾਂ ਸੰਸਾਰ ਦੇ ਕੁਝੱ ਪ੍ਰਸਿਧੱ ਲੋਕਾਂ ਉੱਤੇ ਕੁਝੱ ਪਰਿਵਰਤਨ ਆਉਣ ਵਾਲੇ ਹਨ। ਉਹਨਾਂ ਬਾਰੇ ਪਿਆਰੇ ਮੋਮਿਨ ਨੂੰ ਅਧਿਕਤਰ ਸਮੇਂ ਤੋਂ ਪਹਿਲਾਂ ਖ਼ਬਰ ਦਿੱਤੀ ਜਾਂਦੀ ਹੈ। ਤੀਜਾ ਇਹ ਕਿ ਕਾਮਲ ਮੋਮਿਨ ਦੀਆਂ ਅਧਿਕਤਰ ਦੁਆਵਾਂ ਕੁਬੂਲ ਕੀਤੀਆਂ ਜਾਂਦੀਆਂ ਹਨ ਅਤੇ ਅਧਿਕਤਰ ਉਹਨਾਂ ਦੁਆਵਾਂ ਦੀ ਪਰਵਾਨਗੀ ਦੀ ਸਮੇਂ ਤੋਂ ਪਹਿਲਾਂ ਖ਼ਬਰ ਵੀ ਦਿੱਤੀ ਜਾਂਦੀ ਹੈ। ਚੌਥਾ ਇਹ ਕਿ ਕਾਮਲ ਮੋਮਿਨ ਉਪੱਰ ਕੁਰਆਨੇ ਸ਼ਰੀਫ਼ ਦੇ ਸੂਖ਼ਮ ਗਿਆਨ, ਮੁਆਰਫ਼ਤ, ਨਵੇਂ ਵਿਸ਼ਲੇਸ਼ਣ ਅਤੇ ਅਦਭੁਤੱ ਦ੍ਰਿਸ਼ ਸਭ ਤੋਂ ਵਧੱ ਖੋਲ੍ਹੇ ਜਾਂਦੇ ਹਨ। ਇਹਨਾਂ ਚਾਰੇ ਅਲਾਮਤਾਂ ਵਿਚੱ ਕਾਮਲ ਮੋਮਿਨ ਆਂਸ਼ਕ ਰੂਪ ਵਿਚੱ ਦੂਜਿਆਂ ਉੱਤੇ ਗ਼ਾਲਬ ਰਹਿੰਦਾ ਹੈ। ਬੇਸ਼ਕੱ ਇਹ ਸਦੈਵੀ ਰੂਪ ਵਿਚੱ ਕੋਈ ਪੱਕਾ

ਨਿਯਮ ਨਹੀਂ ਹੈ ਕਿ ਹਮੇਸ਼ਾ ਕਾਮਲ ਮੋਮਿਨ ਨੂੰ ਰਬੱ ਵੱਲੋਂ ਖ਼ੁਸ਼ਖ਼ਬਰੀਆਂ ਮਿਲਦੀਆਂ ਹੀ ਰਹਿਣ ਜਾਂ ਹਮੇਸ਼ਾ ਹੀ ਬਿਨਾ ਕਿਸੇ ਮਤਿਭੇਦ ਦੇ ਸਾਰੀਆਂ ਦੁਆਵਾਂ ਪਰਵਾਨ ਹੋ ਜਾਣ ਅਤੇ ਨ ਹੀ ਇਹ ਕਿ ਹਮੇਸ਼ਾ ਹਰ ਇਕੱ ਹਾਦਸੇ ਸਮੇਂ ਉਸ ਨੂੰ ਸੂਚਨਾ ਦਿੱਤੀ ਜਾਵੇ ਅਤੇ ਨ ਇਹ ਕਿ ਹਰ ਸਮੇਂ ਕੁਰਆਨੇ ਕਰੀਮ ਦੇ ਮੁਆਰਫ਼ (ਗਿਆਨ) ਉਸ ਉੱਤੇ ਖੁਲ੍ਹਦੇ ਰਹਿਣ, ਪਰ ਗ਼ੈਰ ਦੇ ਮੁਕਾਬਲੇ ਸਮੇਂ ਇਹਨਾ ਚਾਰੇ ਅਲਾਮਤਾਂ ਵਿੱਚੋਂ ਅਧਿਕਤਰ ਮੋਮਿਨ ਵੱਲ੍ਹ ਹੀ ਰਹਿੰਦੀ ਹੈ, ਬੇਸ਼ਕੱ ਸੰਭਵ ਹੈ ਕਿ ਗ਼ੈਰ ਨੂੰ ਵੀ ਉਧਾਰਣ ਲਈ ਜੋ ਮੋਮਿਨ ਕਮਜ਼ੋਰ ਹੈ। ਕਦੇ ਕਦਾਈਂ ਇਹਨਾ ਨੇਮਤਾਂ ਵਿੱਚੋਂ ਕੁਝੱ ਹਿੱਸਾ ਦਿੱਤਾ ਜਾਵੇ। ਪਰ ਇਹਨਾ ਨੇਮਤਾਂ ਦਾ ਅਸਲੀ ਵਾਰਸ ਕਾਮਲ ਮੋਮਿਨ ਹੀ ਹੁੰਦਾ ਹੈ। ਹਾਂ ਇਹ ਸਚੱ ਹੈ ਕਿ ਇਹ ਕਾਮਲ ਮੋਮਿਨ ਦਾ ਮਰਤਬਾ ਬਿਨਾ ਮੁਕਾਬਲੇ ਦੇ ਹਰ ਇਕੱ ਘਟੱ ਅਕਲ, ਘਟੱ ਸੂਝੱਵਾਨ ਅਤੇ ਘਟੱ ਦੂਰ ਦਰਸ਼ੀ ਉਪੱਰ ਨਹੀਂ ਖੁਲ੍ਹੱ ਸਕਦਾ। ਇਸ ਲਈ ਅਤਿਅੰਤ ਸਾਫ਼ ਅਤੇ ਸੌਖਾ ਤਰੀਕਾ ਸੱਚੇ ਅਤੇ ਕਾਮਲ ਮੋਮਿਨ ਦੀ ਸ਼ਨਾਖ਼ਤ ਲਈ ਮੁਕਾਬਲਾ ਹੀ ਹੈ। ਕਿਉਂਕਿ ਜੇਕਰ ਇਹ ਸਾਰੀਆਂ ਅਲਾਮਤਾਂ ਆਪਣੇ ਆਪ ਹੀ ਕਾਮਲ ਮੋਮਿਨ ਰਾਹੀਂ ਵਾਪਰਦੀਆਂ ਰਹਿੰਦੀਆਂ ਹਨ। ਪਰੰਤੂ ਇਕੱ ਰੂਪ ਵਿਚੱ ਕੁਝੱ ਦਿਕੱਤਾਂ ਵੀ ਹਨ। ਉਧਾਰਣ ਲਈ ਕਈ ਵਾਰ ਕਾਮਲ ਮੋਮਿਨ ਦੀ ਸੇਵਾ ਵਿਚੱ ਦੁਆ ਕਰਾਉਣ ਲਈ ਅਜਿਹੇ ਲੋਕ ਵੀ ਆ ਜਾਂਦੇ ਹਨ।

ਜਿੰਨ੍ਹਾਂ ਦੀ ਤਕਦੀਰ ਵਿਚੱ ਉੱਕਾ ਹੀ ਸਫ਼ਲਤਾ ਨਹੀਂ ਹੁੰਦੀ ਅਤੇ ਆਰੰਭ ਤੋਂ ਲੇਖਣੀ ਪੱਕੇ ਤੌਰ ਉੱਤੇ ਉਹਨਾਂ ਦੇ ਵਿਰੁਧੱ ਚੱਲ੍ਹੀ ਹੋਈ ਹੁੰਦੀ ਹੈ। ਸੋ, ਉਹ ਲੋਕ ਆਪਣੀ ਅਸਫ਼ਲਤਾ ਕਰਕੇ ਕਾਮਲ ਮੋਮਿਨ ਦੀ ਇਸ ਪਰਵਾਨਗੀ ਦੀ ਅਲਾਮਤ ਨੂੰ ਸ਼ਨਾਖ਼ਤ ਨਹੀਂ ਕਰ ਸਕਦੇ। ਸਗੋਂ ਹੋਰ ਵੀ ਸ਼ੰਕਾ ਵਿਚੱ ਪੈ ਜਾਂਦੇ ਹਨ ਅਤੇ ਆਪਣੇ ਉਪੱਰ ਜਾਣਕਾਰ ਨਹੀਂ ਹੋ ਸਕਦੇ ਅਤੇ ਜੇਕਰ ਕਾਮਲ ਮੋਮਿਨ ਦਾ ਰਬੱ ਨੇੜ੍ਹੇ ਵੱਡਾ ਦਰਜਾ ਅਤੇ ਮਰਤਬਾ ਹੁੰਦਾ ਹੈ ਅਤੇ ਉਸ ਦੀ ਖ਼ਾਤਰ ਲਈ ਅਤੇ ਉਸ ਦੀ ਗਿੜ੍ਹਗਿੜ੍ਹਾਹਟ ਅਤੇ ਦੁਆਵਾਂ ਨਾਲ ਵੱਡੇ ਵੱਡੇ ਵਲ੍ਹੇਵੇਂਦਾਰ ਕੰਮ ਠੀਕ ਹੋ ਜਾਂਦੇ ਹਨ ਅਤੇ ਕਈ ਅਜਿਹੀਆਂ ਤਕਦੀਰਾਂ ਜੋ ਪੱਕੇ ਮੁਕਦੱਰ ਸਮਾਨ ਹੋਣ ਬਦਲਾ ਵੀ ਦਿੱਤੀਆਂ ਜਾਂਦੀਆਂ ਹਨ। ਪਰ ਜੋ ਹਕੀਕੀ ਤਕਦੀਰ ਵਾਸਤਵ ਵਿਚੱ ਪੂਰਨਤਾ ਅਟਲ ਹੈ। ਉਹ ਉੱਕਾ ਹੀ ਮੋਮਿਨ ਦੀ ਦੁਆਵਾਂ ਨਾਲ ਬਦਲਾਈ ਨਹੀਂ ਜਾਂਦੀਆਂ। ਬੇਸ਼ਕੱ ਉਹ ਕਾਮਲ ਮੋਮਿਨ ਨਬੀ ਜਾਂ ਰਸੂਲ ਦਾ ਹੀ ਮਰਤਬਾ ਰਖੱਦਾ ਹੋਵੇ। ਭਾਵ ਤੁਲਨਾਤਮਕ ਰੂਪ ਵਿਚੱ ਕਾਮਲ ਮੋਮਿਨ ਉਹਨਾਂ ਚਾਰੇ ਅਲਾਮਤਾਂ ਵਿਚੱ ਆਪਣੇ ਬਿਗਾਨੇ ਤੋਂ ਕਿਤੇ ਸੁਸਜੱਤ ਹੁੰਦਾ ਹੈ। ਭਾਵੇਂ ਸਦੈਵੀ ਰੂਪ ਵਿਚੱ ਕਾਦਰ ਅਤੇ ਸਫ਼ਲ ਨਹੀਂ ਹੋ ਸਕਦਾ। ਸੋ, ਜਦੱ ਇਹ ਗਲੱ੍ਹ ਪ੍ਰਮਾਣਿਤ ਹੋ ਚੁੱਕੀ ਕਿ ਤੁਲਨਾਤਮਕ ਰੂਪ ਵਿਚੱ ਸੱਚੇ ਅਤੇ ਕਾਮਲ ਮੋਮਿਨ ਨੂੰ ਖ਼ੁਸ਼ਖਬਰੀਆਂ ਦੀ ਅਧਿਕਤਾ, ਦੁਆ ਦੀ ਪਰਵਾਨਗੀ ਦੀ

ਅਧਿਕਤਾ, ਗ਼ੈਬ ਦੀਆਂ ਗੱਲ੍ਹਾਂ ਦੀ ਜਾਣਕਾਰੀ ਅਤੇ ਕੁਰਆਨੇ ਕਰੀਮ ਦੇ ਮੁਆਰਫ਼ਤ ਭਰੇ ਗਿਆਨ ਦਾ ਵਾਹਵਾ ਹਿੱਸਾ ਹੁੰਦਾ ਹੈ। ਤਾਂ ਇਉਂ ਕਾਮਲ ਮੋਮਿਨ ਅਤੇ ਉਸ ਦੇ ਬਿਗਾਨੇ ਵਿਚੱ ਅੰਤਰ ਦੀ ਪ੍ਰੀਖਿਆ ਲਈ ਇਸ ਤੋਂ ਚੰਗਾ ਕੋਈ ਹੋਰ ਤਰੀਕਾ ਨਹੀਂ ਹੋਵੇਗਾ ਕਿ ਮੁਕਾਬਲੇ ਰਾਹੀਂ ਇਹਨਾ ਦੋਹਾਂ ਨੂੰ ਜਾਂਚਿਆ ਅਤੇ ਪਰਖਿਆ ਜਾਵੇ। ਅਰਥਾਤ ਜੇਕਰ ਇਹ ਗਲ੍ਹੱ ਲੋਕਾਂ ਦੀ ਦ੍ਰਿਸ਼ਟੀ ਵਿਚੱ ਸੰਦੇਹਿਤ ਹੋਵੇ ਕਿ ਦੋਹਾਂ ਵਿਅਕਤੀਆਂ ਵਿੱਚੋਂ ਰਬੱ ਵੱਲ੍ਹੋਂ ਕਾਮਲ ਮੋਮਿਨ ਕੌਣ ਹੈ ਅਤੇ ਕਿਹੜ੍ਹਾ ਇਸ ਮਰਤਬੇ ਤੋਂ ਡਿਗਿੱਆ ਹੋਇਆ ਹੈ। ਤਾਂ ਇਹਨਾਂ ਹੀ ਬਾਰੇ ਅਲਾਮਤਾਂ ਨਾਲ ਮੁਕਾਬਲਾ ਹੋਣਾ ਚਾਹੀਦਾ ਹੈ। ਅਰਥਾਤ ਇਹਨਾਂ ਚਾਰੇ ਅਲਾਮਤਾਂ ਨੂੰ ਪਾਰਸ ਅਤੇ ਮਿਆਰ ਬਣਾ ਕੇ ਮੁਕਾਬਲੇ ਸਮੇਂ ਵੇਖਿਆ ਜਾਵੇ ਕਿ ਇਸ ਮਿਆਰ ਅਤੇ ਤਕੜ੍ਹੀ ਦੇ ਪੱਖੋਂ ਕੌਣ ਪੂਰਾ ਉਤਰਿਆ ਹੈ ਅਤੇ ਕਿਸ ਦੀ ਹਾਲਤ ਵਿਚੱ ਕਮੀ ਅਤੇ ਹਾਣ ਹੈ।

ਹੁਣ ਰਬੱ ਦੀ ਮਖ਼ਲੂਕ ਗਵਾਹ ਰਹੇ ਕਿ ਮੈਂ ਨਿਰੋਲ ਰਬੱ ਖ਼ਾਤਰ ਅਤੇ ਸੱਚਾਈ ਦੇ ਪ੍ਰਕਟਾਵੇ ਲਈ ਇਸ ਮੁਕਾਬਲੇ ਨੂੰ ਹਾਰਦਿਕ ਰੂਪ ਵਿਚੱ ਪਰਵਾਨ ਕਰਦਾ ਹਾਂ ਅਤੇ ਇਸ ਮੁਕਾਬਲੇ ਲਈ ਜੋ ਵਿਅਕਤੀ ਮੇਰੇ ਸਾਮ੍ਹਣੇ ਆਉਣਾ ਚਾਹੇ ਉਹਨਾਂ ਵਿੱਚੋਂ ਸਭ ਤੋਂ ਪਹਿਲੇ ਨੰਬਰ ਉੱਤੇ ਮੀਆਂ ਨਜ਼ੀਰ ਹੁਸੈਨ ਦੇਹਲਵੀ ਦਾ ਹੈ। ਜਿੰਨ੍ਹਾਂ ਨੇ ਪੰਜਾਹ ਸਾਲ ਤੋਂ ਵਧੱ ਸਮਾਂ ਕੁਰਆਨੇ ਸ਼ਰੀਫ਼ ਅਤੇ ਹਦੀਸ ਪੜ੍ਹਾਇਆ ਅਤੇ ਆਪਣੇ ਗਿਆਨ ਅਤੇ ਕਰਮ ਦਾ ਇਹ ਨਮੂਨਾ ਵਿਖਾਇਆ ਕਿ

ਬਿਨ੍ਹਾਂ ਪੜਤਾਲ ਅਤੇ ਖੋਜ ਕੀਤੇ ਇਸ ਨਿਮਾਣੇ ਉੱਤੇ ਕੁਫ਼ਰ ਦਾ ਫ਼ਤਵਾ ਲਿਖੱ ਦਿੱਤਾ ਅਤੇ ਹਜ਼ਾਰਾਂ ਹੀ ਜਨੂਨੀ ਲੋਕਾਂ ਨੂੰ ਬਦਜ਼ਨ (ਗੁੰਮਰਾਹ) ਕਰਕੇ ਉਹਨਾ ਤੋਂ ਗੰਦੀਆਂ ਗਾਲ੍ਹਾਂ ਦੁਆਈਆਂ ਅਤੇ ਬਟਾਲਵੀ ਨੂੰ ਇਕੱ ਸ਼ੁਦਾਈ ਦਰਿੰਦੇ ਵਾਂਗ ਕੁਫ਼ਰ ਅਤੇ ਲਾਨ੍ਹਤ ਦੀ ਝੱਗ ਮੂੰਹੋਂ ਕਢੱਣ ਲਈ ਛਡੱ ਦਿੱਤਾ ਅਤੇ ਆਪ ਕਾਮਲ ਮੋਮਿਨ, ਸ਼ੇਖੁਲੱ ਕੁਲੱ, ਸ਼ੇਖ਼ੁਲੱ ਅਰਬ ਅਤੇ ਸਾਰੇ ਸੰਸਾਰ ਦੇ ਸ਼ੇਖ ਬਣ ਗਏ । ਇਸ ਲਈ ਮੁਕਾਬਲੇ ਲਈ ਸਭ ਤੋਂ ਪਹਿਲਾਂ ਇਹਨਾ ਨੂੰ ਹੀ ਸੱਦਾ ਦਿੱਤਾ ਜਾਂਦਾ ਹੈ ।

ਹਾਂ ਇਹਨਾ ਨੂੰ ਅਧਿਕਾਰ ਹੈ ਕਿ ਉਹ ਆਪਣੇ ਨਾਲ ਬਟਾਲਵੀ ਨੂੰ ਵੀ ਜੋ ਕਿ ਹੁਣ ਸੱਚੇ ਸੁਫ਼ਨਿਆਂ ਦਾ ਦਾਅਵਾ ਵੀ ਰਖੱਦਾ ਹੈ ਮਿਲਾ ਲੈਣ । ਸਗੋਂ ਉਹਨਾਂ ਨੂੰ ਮੇਰੇ ਵੱਲੋਂ ਅਧਿਕਾਰ ਹੈ ਕਿ ਉਹ ਮੌਲਵੀ ਅਬਦੁਲੱ ਜੱਬਾਰ ਸਾਹਿਬ ਉਤੱਰਾਧਿਕਾਰੀ ਅਬਦੁੱਸਾਲਿਹ ਮੌਲਵੀ ਅਬਦੁੱਲਾਹ ਸਾਹਿਬ ਮਰਹੂਮ ਅਤੇ ਮੌਲਵੀ ਅਬਦੁਰ ਰਹਿਮਾਨ ਲੱਖੇ ਵਾਲੇ ਜੋ ਮੇਰੇ ਬਾਰੇ ਸਦੈਵੀ ਗੁਮਰਾਹ ਹੋਣ ਦਾ ਇਲਹਾਮ (ਭਵਿੱਖਬਾਣੀ) ਘੋਸ਼ਿਤ ਅਤੇ ਪ੍ਰਸਿਧੱ ਕਰ ਚੁੱਕੇ ਹਨ ਅਤੇ ਕੁਫ਼ਰ ਦਾ ਫ਼ਤਵਾ ਦੇ ਚੁੱਕੇ ਹਨ । ਇਸੇ ਪ੍ਰਕਾਰ ਮੌਲਵੀ ਮੁਹੰਮਦ ਬਸ਼ੀਰ ਸਾਹਿਬ ਭੋਪਾਲੀ ਨੂੰ ਜੋ ਉਹਨਾਂ ਦੇ ਪੈਰ੍ਹੋਕਾਰਾਂ ਵਿੱਚੋਂ ਹੈ । ਇਸ ਮੁਕਾਬਲੇ ਲਈ ਆਪਣੇ ਨਾਲ ਮਿਲਾ ਲੈਣ । ਜੇਕਰ ਉਪਰੋਕਤ ਮੀਆਂ ਸਾਹਿਬ ਆਪਣੇ ਸੁਭਾਉ ਅਨੁਸਾਰ ਗੁਰੇਜ਼ ਕਰ ਜਾਣ । ਤਾਂ

ਇਹੋ ਉਪੱਰ ਵਰਣਿਤ ਲੋਕ ਮੇਰੇ ਸਾਮ੍ਹਣੇ ਆਉਣ ਅਤੇ ਜੇਕਰ ਇਹ ਸਾਰੇ ਵੀ ਗੁਰੇਜ਼ ਕਰ ਜਾਣ । ਤਾਂ ਫ਼ਿਰ ਮੌਲਵੀ ਰਸ਼ੀਦ ਅਹਮਦ ਗੰਗੋਹੀ ਇਸ ਕੰਮ ਲਈ ਹੀਆ ਕਰਨ । ਕਿਉਂਕਿ ਪੈਰੋਕਾਰਾਂ ਦੀ ਜਮਾਅਤ ਦੇ ਪਹਿਲੇ ਮੈਂਬਰ ਤਾਂ ਇਹੋ ਹਨ ਅਤੇ ਉਹਨਾਂ ਨਾਲ ਹਰ ਇਕੱ ਅਜਿਹਾ ਵਿਅਕਤੀ ਸ਼ਾਮਿਲ ਹੋ ਸਕਦਾ ਹੈ । ਜੋ ਨਾਮੀ (ਪ੍ਰਸਿਧੱ) ਅਤੇ ਮਸ਼ਹੂਰ ਸੂਫ਼ੀਆਂ, ਪੀਰ ਜ਼ਾਦੀਆਂ ਅਤੇ ਸੱਜਾਦਾ ਨਸ਼ੀਨਾ ਵਿੱਚੋਂ ਹੋਵੇ ਅਤੇ ਇਹਨਾਂ ਹੀ ਉਪਰੋਕਤ ਮੌਲਵੀਆਂ ਵਾਂਗ ਇਸ ਨਿਮਾਣੇ ਨੂੰ ਕਾਫ਼ਰ, ਮੁਫ਼ਤਰੀ (ਫ਼ਰੇਬੀ), ਝੂੱਠਾ ਅਤੇ ਮੱਕਾਰ ਸਮਝਦਾ ਹੋਵੇ ਅਤੇ ਜੇਕਰ ਇਹ ਸਾਰੇ ਦੇ ਸਾਰੇ ਮੁਕਾਬਲੇ ਨਾਲ ਮੇਰੇ ਇਸ ਸੱਦੇ ਨੂੰ ਪਰਵਾਨ ਕਰਨ ਤੋਂ ਫ਼ਿਰ ਜਾਣ । ਤਾਂ ਵੀ ਰਬੱ ਦੀ ਹੁਜੱਤ (ਦਲੀਲ) ਇਹਨਾ ਉੱਤੇ ਪੂਰੀ ਹੋ ਜਾਂਦੀ ਹੈ । ਮੈਂ ਰਬੱ ਵੱਲੋਂ ਮਾਮੂਰ (ਸੰਦੇਸ਼ ਵਾਹਕ ਨਿਯੁੱਕਤ) ਹਾਂ ਅਤੇ ਫ਼ਤਹਿ ਦੀ ਮੈਨੂੰ ਖ਼ੁਸ਼ਖ਼ਬਰੀ ਦਿੱਤੀ ਗਈ ਹੈ । ਇਸ ਲਈ ਮੈਂ ਉਪਰੋਕਤ ਲੋਕਾਂ ਨੂੰ ਮੁਕਾਬਲੇ ਲਈ ਬੁਲਾਉਂਦਾ ਹਾਂ । ਕੋਈ ਹੈ ਜੋ ਮੇਰੇ ਸਾਹਮਣੇ ਆਏ ਅਤੇ ਮੁਕਾਬਲੇ ਲਈ ਵੱਧੀਆ ਪ੍ਰਬੰਧ ਇਹ ਹੈ ਕਿ ਲਾਹੌਰ ਵਿਚੱ ਜੋ ਪੰਜਾਬ ਦੀ ਰਾਜਧਾਨੀ ਹੈ । ਇਸ ਪ੍ਰੀਖਿਆ ਲਈ ਇਕੱ ਅੰਜੁਮਨ (ਕਮੇਟੀ) ਨਿਯੁੱਕਤ ਕੀਤੀ ਜਾਵੇ । ਜੇਕਰ ਵਿਰੋਧੀ ਇਸ ਵਿਉਂਤ ਨੂੰ ਸਵੀਕਾਰ ਕਰਨ ਤਾਂ ਅੰਜੁਮਨ (ਕਮੇਟੀ) ਦੇ ਮੈਂਬਰ ਦੋਹਾਂ ਦੀ ਰਜ਼ਾਮੰਦੀ ਨਾਲ ਨਿਯੁੱਕਤ ਕੀਤੇ ਜਾਣਗੇ ਅਤੇ ਮਤਿਭੇਦ ਸਮੇਂ

ਬਥੇਰੀਆਂ ਦੀ ਰਾਏ ਦਾ ਪਖੱ ਰਖਿੱਆ ਜਾਵੇਗਾ ਅਤੇ ਉਚਿੱਤ ਹੋਵੇਗਾ ਕਿ ਚਾਰੇ ਅਲਾਮਤਾਂ ਦੀ ਪੂਰਨ ਰੂਪ ਵਿਚੱ ਪ੍ਰੀਖਿਆ ਲਈ ਦੋਹਾਂ ਵੱਲੋਂ ਇਕੱ ਸਾਲ ਤਕੱ ਅੰਜੁਮਨ ਵਿਚੱ ਮਿੱਤੀ ਸਹਿਤ ਆਪਣੀਆਂ ਲੇਖਣੀਆਂ ਭੇਜਦੇ ਰਹਿਣ ਅਤੇ ਅੰਜੁਮਨ ਵੱਲੋਂ ਮਿੱਤੀ ਅਤੇ ਵਿਸਥਾਰ ਸਹਿਤ ਪ੍ਰਾਪਤ ਹੋਈ ਲੇਖਣੀ ਦੀ ਰਸੀਦ ਦੋਹਾਂ ਨੂੰ ਭੇਜੀਆਂ ਜਾਣਗੀਆਂ । ਪਹਿਲੀ ਅਲਾਮਤ ਅਰਥਾਤ ਖ਼ੁਸ਼ਖ਼ਬਰੀਆਂ ਦੀ ਪ੍ਰੀਖਿਆ ਦਾ ਤਰੀਕਾ ਇਹ ਹੋਵਗਾ ਕਿ ਦੋਹਾਂ ਧੜਿਆਂ ਉੱਤੇ ਜੋ ਕੁਝੱ ਰਬੱ ਵੱਲੋਂ ਇਲਹਾਮ (ਇਲਾਹੀ ਸੰਬੋਧਨੀ) ਰਾਹੀਂ, ਦਿਵ ਦ੍ਰਿਸ਼ ਰਾਹੀਂ ਪ੍ਰਕਟ ਹੋਵੇ, ਉਹ ਮਿਤੀ, ਪ੍ਰਮਾਣ ਅਤੇ ਚਾਰ ਮੁਸਲਮਾਨ ਗਵਾਹਾਂ ਸਣੇ ਸਮੇਂ ਤੋਂ ਪਹਿਲਾਂ ਅੰਜੁਮਨ (ਕਮੇਟੀ) ਦੀ ਸੇਵਾ ਵਿਚੱ ਪਹੁੰਚਾ ਦਿੱਤਾ ਜਾਵੇ ਅਤੇ ਅੰਜੁਮਨ ਆਪਣੇ ਰਜਿਸਟਰ ਵਿਚੱ ਮਿਤੀ ਸਹਿਤ ਦਰਜ ਕਰੇ ਅਤੇ ਇਸ ਉੱਤੇ ਅੰਜੁਮਨ ਦੇ ਸਾਰੇ ਮੈਂਬਰਾਂ ਜਾਂ ਘੱਟੋ ਘਟੱ ਪੰਜ ਮੈਂਬਰਾਂ ਦੇ ਹਸਤਾਖ਼ਰ ਹੋਣ ਦੇ ਬਾਦ ਫ਼ਿਰ ਇਸ ਦੀ ਇਕੱ ਰਸੀਦ ਭੇਜਣ ਵਾਲੇ ਨੂੰ ਉਪਰੋਕਤ ਅਨੁਸਾਰ ਭੇਜੀ ਜਾਵੇ ਅਤੇ ਇਸ ਖ਼ੁਸ਼ਖ਼ਬਰੀ ਦੇ ਸੱਚੇ ਜਾਂ ਝੂੱਠੇ ਹੋਣ ਦੀ ਉਡੀਕ ਕੀਤੀ ਜਾਵੇ ਅਤੇ ਕਿਸੇ ਸਿੱਟੇ ਦੇ ਪ੍ਰਕਟ ਹੋਣ ਸਮੇਂ ਇਸ ਦੀ ਚੇਤਾਵਨੀ ਇਸ ਦੇ ਪ੍ਰਮਾਣਾ ਸਹਿਤ ਰਜਿਸਟਰ ਵਿਚੱ ਲਿੱਖੀ ਜਾਵੇ ਅਤੇ ਦਸਤੂਰ ਅਨੁਸਾਰ ਇਸ ਉੱਤੇ ਮੈਂਬਰਾਂ ਦੀਆਂ ਗਵਾਹੀਆਂ ਹਸਤਾਖ਼ਰਤ ਹੋਣ । ਦੂਜੀ ਅਲਾਮਤ ਬਾਰੇ ਵੀ ਜੋ ਸੰਸਾਰ ਦੇ ਹਾਦਸਿਆਂ ਅਤੇ ਘਟਨਾਵਾਂ

ਬਾਰੇ ਹਨ । ਇਹੋ ਉਪਰੋਕਤ ਪ੍ਰਬੰਧ ਰਹੇਗਾ ਅਤੇ ਚੇਤੇ ਰਹੇ ਕਿ ਅੰਜੁਮਨ ਕੋਲ੍ਹ ਇਹ ਸਾਰੇ ਭੇਦ ਅਮਾਨਤ ਦੇ ਰੂਪ ਵਿਚੱ ਸੁਰੱਖਿਅਤ ਰਹਿਣਗੇ ਅਤੇ ਅੰਜੁਮਨ ਇਸ ਗਲ੍ਹੱ ਦੀ ਸਹੁੰ ਚੁਕੱ ਕੇ ਇਕਰਾਰ ਕਰੇਗੀ ਕਿ ਉਸ ਸਮੇਂ ਤੋਂ ਪਹਿਲਾਂ ਜਦੱ ਤਕੱ ਕਿ ਦੋਹਾਂ ਦੀ ਤੁਲਨਾਤਮਕ ਸਮੀਖਿਆ ਸਾਧਾਰਣ ਸਮਾਰੋਹ ਵਿਚੱ ਹੋਵੇ । ਉੱਕਾ ਹੀ ਕੋਈ ਗਲ੍ਹੱ ਕਿਸੇ ਓਪਰੇ ਦੇ ਕੰਨ੍ਹਾਂ ਤਕੱ ਨਹੀਂ ਪਹੁੰਚਾਈ ਜਾਵੇਗੀ ਇਸ ਅਵਸਥਾ ਤੋਂ ਬਿਨ੍ਹਾ ਕਿ ਕਿਸੇ ਭੇਦ ਦਾ ਫ਼ਾਸ਼ (ਫੈਲ੍ਹ) ਹੋ ਜਾਣਾ ਅੰਜੁਮਨ ਦੇ ਵੱਸੋਂ ਬਾਹਰ ਹੋਵੇ । ਤੀਜੀ ਅਲਾਮਤ ਅਰਥਾਤ ਦੁਆ ਦੀ ਪਰਵਾਨਗੀ ਦੀ ਪਰਖ ਦਾ ਤਰੀਕਾ ਇਹ ਹੋਵੇਗਾ ਕਿ ਉਹੋ ਅੰਜੁਮਨ ਵਖੱ ਵਖੱ ਪ੍ਰਕਾਰ ਦੀਆਂ ਮੁਸੀਬਤਾਂ ਵਿਚੱ ਗ੍ਰਿਸਿਆਂ ਨੂੰ ਉਪਲਭਧ ਕਰਾਉਣ ਲਈ ਜਿਸ ਵਿਚੱ ਕਿਸੇ ਵੀ ਧਰਮ ਦਾ ਵਿਅਕਤੀ ਸ਼ਾਮਲ ਹੋ ਸਕਦਾ ਹੈ । ਇਕੱ ਸਾਧਾਰਣ ਇਸ਼ਤਿਹਾਰ ਦੇ ਦੇਵੇਗੀ ਅਤੇ ਹਰ ਇਕੱ ਧਰਮ ਦਾ ਵਿਅਕਤੀ ਭਾਵੇਂ ਉਹ ਮੁਸਲਮਾਨ ਹੋਵੇ । ਭਾਵੇਂ ਇਸਾਈ ਹੋਵੇ ਜਾਂ ਹਿੰਦੂ ਹੋਵੇ ਜਾਂ ਯਹੂਦੀ ਹੋਵੇ ਭਾਵ ਇਹ ਕਿ ਕਿਸੇ ਧਰਮ ਜਾਂ ਕਿਸੇ ਵਿਚਾਰਧਾਰਾ ਦਾ ਪਾਬੰਦ ਹੋਵੇ । ਉਹ ਕਿਸੇ ਵੱਡੇ ਕਸ਼ਟ ਵਿਚੱ ਗ੍ਰਿਸੱਿਆ ਹੋਵੇ ਅਤੇ ਆਪਣੇ ਆਪ ਨੂੰ ਔਕੜਾਂ ਵਿਚੱ ਫ਼ਸਿੱਆ ਹੋਇਆ ਦੱਸੇ । ਤਾਂ ਬਿਨ੍ਹਾ ਕਿਸੇ ਜਾਤ-ਪਾਤ ਅਤੇ ਮਤਿਭੇਦ ਦੇ ਪਰਵਾਨ ਕੀਤਾ ਜਾਵੇਗਾ । ਕਿਉਂਕਿ ਰਬੱ ਨੇ ਸ਼ਰੀਰ ਦੇ ਸੰਸਾਰਕ ਲਾਭ ਪਹੁੰਚਾਉਣ ਵਿਚੱ ਆਪਣੇ ਵਖੱ ਵਖੱ

ਧਰਮਾਂ ਦੇ ਬੰਦਿਆਂ ਵਿਚੱ ਕੋਈ ਅੰਤਰ ਅਤੇ ਮਤਿਭੇਦ ਨਹੀਂ ਰਖਿੱਆ ਅਤੇ ਮੁਸਿਬਤ ਵਿਚੱ ਗ੍ਰਿਸਿਆਂ ਦੀ ਉਪਲਭਧੀ ਲਈ ਇਕੱ ਮਹੀਨੇ ਤਕੱ ਜਿਵੇਂ ਅੰਜੁਮਨ ਉਚਿੱਤ ਸਮਝੇ ਇਹ ਵਿਵਸਥਾ ਰਹੇਗੀ ਕਿ ਇਹਨਾਂ ਦੇ ਨਾਂ ਦੇ ਫ਼ਾਰਮ ਜਿਸ ਵਿਚੱ ਪਿਤਾ ਦਾ ਨਾਂ ਅਤੇ ਪਤਾ ਆਦਿ ਸਹਿਤ ਇਕੱ ਸੰਦੂਕ ਵਿਚੱ ਸੁਰਖਿਅਤ ਰਹਿਣਗੇ । ਇਸ ਦੇ ਬਾਦ ਇਹਨਾਂ ਦੇ ਨਾਂਵਾਂ ਦੀਆਂ ਨਿਆਏ ਉੱਤੇ ਅਧਾਰਤ ਲੜ੍ਹੀਵਾਰ ਦੋ ਸੂਚੀਆਂ ਜਿਸ ਵਿਚੱ ਉਪਰੋਕਤ ਅਨੁਸਾਰ ਨਾਂ, ਪਿਤਾ ਦਾ ਨਾਂ, ਕੌਮ ਜਾਂ ਜਾਤੀ ਦਾ ਨਾਂ, ਧਰਮ, ਕਿੱਤਾ (ਕੰਮ) ਅਤੇ ਪਤਾ ਦਰਜ ਹੋਵੇ। ਇਹ ਸੂਚੀਆਂ ਦੋਹਾਂ ਦੇ ਸਾਮ੍ਹਣੇ ਇਹਨਾਂ ਮੁਸੀਬਤਾਂ ਵਿਚੱ ਗ੍ਰਿਸੱਿਆ ਸਹਿਤ ਪੈਸ਼ ਕਰਨਗੇ ਅਤੇ ਦੋਵੇਂ ਧੜ੍ਹੇ ਇਹਨਾਂ ਮੁਸੀਬਤ ਵਿਚੱ ਗ੍ਰਿਸੱਿਆਂ ਦਾ ਅਵਲੋਕਣ ਕਰਨ । ਇਹਨਾਂ ਦੋਹਾਂ ਸੂਚੀਆਂ ਨੂੰ ਕੁੱਰਾ ਪਾ ਕੇ ਆਪੋ ਵਿਚੱ ਵੰਡ ਲੈਂਣਗੇ ਅਤੇ ਜੇਕਰ ਕੋਈ ਮੁਸੀਬਤ ਵਿਚੱ ਗ੍ਰਿਸੱਿਆ ਦੂਰ ਦੁਰਾਡੇ ਦੇਸ਼ ਵਿਚੱ ਹੋਵੇ ਅਤੇ ਯਾਤਰਾ ਜਾਂ ਸਾਧਨਾ ਦੀ ਘਾਟ ਕਰਕੇ ਹਾਜ਼ਰ ਨ ਹੋ ਸਕੇ। ਤਾਂ ਅੰਜੁਮਨ ਦੀ ਇਕੱ ਸ਼ਾਖ਼ਾ ਇਸ ਸ਼ਹਿਰ ਵਿਚੱ ਨਿਯੁੱਕਤ ਹੋਵੇ । ਜਿੱਥੇ ਉਹ ਮੁਸੀਬਤ ਵਿਚੱ ਗ੍ਰਿਸੱਿਆ ਰਹਿੰਦਾ ਹੈ । ਇਸ ਦੇ ਫ਼ਾਰਮ ਨੂੰ ਅੰਜੁਮਨ ਦੇ ਪ੍ਰਧਾਨ ਕੋਲ੍ਹ ਪਹੁੰਚਾ ਦੇਣਗੇ ਅਤੇ ਕੁੱਰਾ ਪਾਉਣ ਦੇ ਬਾਦ ਹਰ ਇਕੱ ਧੜੇ ਦੇ ਹਿੱਸੇ ਵਿਚੱ ਜੋ ਸੂਚੀ ਆਵੇਗੀ। ਉਸ ਸੂਚੀ ਵਿਚੱ ਜੋ ਮੁਸੀਬਤ ਵਿਚੱ ਗ੍ਰਿਸੇ ਦਰਜ ਹੋਣਗੇ। ਉਹ ਉਸੇ ਧੜੇ ਦਾ ਹਿੱਸਾ ਗਿਣੇ ਜਾਣਗੇ ਜਿਸ

ਨੂੰ ਰਬੱ ਨੇ ਕੁੱਰਾ ਪਾਉਣ ਉਪਰੰਤ ਇਹ ਸੂਚੀ ਦੇ ਦਿੱਤੀ ਅਤੇ ਜ਼ਰੂਰੀ ਹੋਵੇਗਾ ਕਿ ਅੰਜੁਮਨ ਮੁਸੀਬਤ ਵਿਚੱ ਗ੍ਰਿਸੱਿਆਂ ਦੀ ਉਪਲਭਧੀ ਲਈ ਅਤੇ ਮਿੱਥੀ ਮਿਤੀ ਉਪੱਰ ਹਾਜ਼ਰ ਹੋ ਜਾਣ ਦੇ ਉਦੇਸ਼ ਨਾਲ ਕੁਝੱ ਸਪਤਾਹ ਪਹਿਲਾਂ ਇਸ਼ਤਿਹਾਰ ਪ੍ਰਕਾਸ਼ਤ ਕਰ ਦੇਵੇ ਇਹਨਾਂ ਇਸ਼ਤਿਹਾਰਾਂ ਦੇ ਪ੍ਰਕਾਸ਼ਤ ਕਰਨ ਦਾ ਸਾਰਾ ਖ਼ਰਚਾ ਮੇਰੇ ਜ਼ਿੰਮੇ ਹੋਵੇਗਾ[1] । ਉਹ ਦੋ ਸੂਚੀਆਂ ਜੋ ਮੁਸੀਬਤ ਵਿਚੱ ਗ੍ਰਿਸੱਿਆਂ ਦੀ ਤਿਆਰ ਹੋਣਗੀਆਂ । ਇਕੱ ਕਾਪੀ ਅੰਜੁਮਨ ਵੀ ਆਪਣੇ ਦਫ਼ਤਰ ਵਿਚੱ ਰੱਖੇਗੀ ਅਤੇ ਇਹੋ ਦਿਨ ਨਿਯਤ ਵਰ੍ਹੇ ਵਿਚੱ ਪਹਿਲਾ ਦਿਨ ਗਿਣਿਆ ਜਾਵੇਗਾ । ਹਰ ਇਕੱ ਧੜ੍ਹਾ ਆਪਣੇ ਵੰਡੇ ਆਏ ਮੁਸੀਬਤ ਵਿਚੱ ਗ੍ਰਿਸੱਿਆਂ ਲਈ ਦੁਆ ਕਰਦਾ ਰਹੇਗਾ ਅਤੇ ਉਪੱਰ ਦੱਸੇ ਤਰੀਕੇ ਅਨੁਸਾਰ ਸਾਰੀ ਕਾਰਵਾਈ ਅੰਜੁਮਨ ਦੇ ਰਜਿਸਟਰ ਵਿਚੱ ਦਰਜ ਹੁੰਦੀ ਰਹੇਗੀ ਅਤੇ ਜੇਕਰ ਇਕੱ ਸਾਲ ਦੇ ਅੰਤਰਾਲ ਵਿਚੱ ਜਾਂ ਇਕੱ ਸਾਲ ਤੋਂ ਪਹਿਲਾਂ ਜੋ ਦੁਆਵਾਂ ਦੀ ਪਰਵਾਨਗੀ ਅਤੇ ਪ੍ਰਤਖ ਜਿਤੱ ਦਾ ਅਨੁਮਾਨ ਪੈਦਾ ਹੋਵੇ । ਕੋਈ ਧੜ੍ਹਾ (ਵਿਅਕਤੀ) ਮਰ ਜਾਏ ਅਤੇ ਆਪਣੇ ਮੁਕਾਬਲੇ ਦੇ ਸਾਰੇ ਕਾਰਜਾਂ ਨੂੰ ਅਧੂਰਾ ਛਡੱ ਜਾਵੇ । ਤਦੱ ਵੀ ਉਹ ਪਰਾਜਿਤ ਸਮਝਿਆ ਜਾਵੇਗਾ । ਕਿਉਂਕਿ ਰਬੱ ਨੇ

[1] ਸਾਧਾਰਣ ਜਨਤਕ ਜਲਸੇ ਵਿਚੱ ਇਸ ਰਚਨਾ ਦੇ ਪੜ੍ਹੇ ਜਾਣ ਸਮੇਂ ਮੌਲਵੀ ਗ਼ੁਲਾਮ ਕਾਦਰ ਸਾਹਿਬ ਮਾਲਿਕ ਅਤੇ ਸੰਪਾਦਕ ਅਖ਼ਬਾਰ ਪੰਜਾਬ ਗਜ਼ਟ ਸਿਆਲਕੋਟ ਨੇ ਲਿਖੱ ਕੇ ਇਹ ਪ੍ਰਕਟ ਕੀਤਾ ਕਿ ਇਹਨਾਂ ਇਸ਼ਤਿਹਾਰਾਂ ਦੇ ਪ੍ਰਕਾਸ਼ਤ ਕਰਨ ਦਾ ਸਾਰਾ ਖ਼ਰਚਾ ਮੇਰੇ ਜ਼ਿੰਮੇ ਹੋਵੇਗਾ । (ਫ਼ਜਜ਼ਾ ਹੁਮੁੱਲਾਹੁ ਖ਼ੈਰਾ)

ਆਪਣੇ ਵਿਸ਼ੇਸ਼ ਨਿਸ਼ਚੇ ਰਾਹੀਂ ਇਸ ਕੰਮ ਨੂੰ ਅਧੂਰਾ ਰਖਿੱਆ ਹੈ । ਤਾਂ ਜੋ ਉਸ ਦਾ ਝੂੱਠਾ ਹੋਣਾ ਪ੍ਰਕਟ ਕਰੇ ਅਤੇ ਮੁਸੀਬਤ ਵਿਚੱ ਗ੍ਰਿਸੱਿਆਂ ਦਾ ਅਨੁਮਾਨ ਹੋਣਾ ਇਸ ਲਈ ਸ਼ਰਤ ਰਖਿੱਆ ਗਿਆ । ਕਿਉਂਕਿ ਦੁਆ ਦੀ ਪਰਵਾਨਗੀ ਦੀ ਪਰਖ ਬਹੁ-ਗਿਣਤੀ ਦੇ ਪੱਖੋਂ ਹੀ ਹੋ ਸਕਦੀ ਹੈ । ਨਹੀਂ ਤਾਂ ਜਿਵੇਂ ਕਿ ਅਸੀਂ ਲਿਖੱ ਚੁੱਕੇ ਹਾਂ ਕਿ ਇਹ ਸੰਭਵ ਹੈ ਕਿ ਜੇਕਰ ਦੁਆ ਕਰਾਉਣ ਵਾਲੇ ਕੇਵਲ ਕੁਝੱ ਵਿਅਕਤੀ ਹੋਣ । ਉਧਾਰਣ ਲਈ ਦੋ ਜਾਂ ਤਿੰਨ ਵਿਅਕਤੀ ਹੋਣ । ਤਾਂ ਉਹ ਆਪਣੀ ਅਸਫ਼ਲਤਾ ਵਿਚੱ ਅਟਲ ਤਕਦੀਰ ਰਖੱਦੇ ਹੋਣ । ਅਰਥਾਤ ਆਰੰਭ ਤੋਂ ਹੀ ਪੱਕੇ ਤੌਰ ਉੱਤੇ ਇਹ ਮੁਕਦੱਰ ਹੋਵੇ ਕਿ ਇਹ ਉੱਕਾ ਹੀ ਆਪਣੀਆਂ ਬਲਾਵਾਂ ਤੋਂ ਛੁਟੱਕਾਰਾ ਨਹੀਂ ਪਾਉਣਗੇ ਅਤੇ ਬਥੇਰੀਆਂ ਅਜਿਹੀਆਂ ਸੰਭਾਵਨਾਵਾਂ ਦਾ ਵੱਡੇ ਵੱਡੇ ਵਲੀਆਂ ਅਤੇ ਨਬੀਆਂ ਨੂੰ ਸਾਮ੍ਹਣਾ ਕਰਨਾ ਪੈਂਦਾ ਰਿਹਾ ਹੈ ਕਿ ਉਹਨਾਂ ਦੀਆਂ ਦੁਆਵਾਂ ਦੇ ਪ੍ਰਭਾਵ ਤੋਂ ਕਈ ਵਿਅਕਤੀ ਵਾਂਝੇ ਰਹੇ । ਇਸ ਦਾ ਇਹੋ ਕਾਰਣ ਸੀ ਕਿ ਉਹ ਲੋਕ ਆਪਣੀ ਅਸਫਲਤਾਂ ਵਿਚੱ ਅਟਲ ਅਤੇ ਪੱਕੀ ਤਕਦੀਰ ਰਖੱਦੇ ਸਨ । ਇਸੇ ਲਈ ਇਕੱ ਜਾਂ ਦੋ ਮੁਸੀਬਤਾਂ ਵਿਚੱ ਗ੍ਰਿਸੱਿਆਂ ਨੂੰ ਟਾਰਗਟ ਜਾਂ ਮਿਆਰ ਬਣਾਉਣਾ ਇਕੱ ਧੋਖਾ ਦੇਣ ਵਾਲਾ ਢੰਗ ਹੈ ਅਤੇ ਇਹ ਹੋ ਸਕਦਾ ਹੈ ਕਿ ਉਹ ਆਪਣੀ ਅਸਫ਼ਲਤਾ ਵਿਚੱ ਅਟਲ ਤਕਦੀਰ ਰਖੱਦੇ ਹੋਣ । ਸੋ, ਜੇਕਰ ਉਹ ਦੁਆ ਲਈ ਕਿਸੇ ਮਕਬੂਲ (ਜਿਸ ਦੀਆਂ ਦੁਆਵਾਂ ਕੁਬੂਲ ਹੁੰਦੀਆਂ

ਹੋਣ) ਨਾਲ ਸੰਪਰਕ ਕਰਨ। ਪਰ ਆਪਣੀ ਅਟਲ ਤਕਦੀਰ ਦੇ ਸਬਬ ਅਸਫ਼ਲ ਰਹਿਣ ਤਾਂ ਇਸ ਅਵਸਥਾ ਵਿਚੱ ਉਸ ਬੁਜ਼ੁਰਗ ਦੀ ਦੁਆਵਾਂ ਦੀ ਪਰਵਾਨਗੀ ਇਹਨਾਂ ਉੱਤੇ ਗੁਪਤ ਰਹੇਗੀ। ਸਗੋਂ ਸੰਭਵਤਾ ਉਹ ਆਪਣੇ ਵਿਚਾਰਾਂ ਨੂੰ ਬਦਜ਼ੰਨੀ ਵਿਚੱ ਖਿਚੱ ਕੇ ਉਸ ਰਬੱ ਰਸੀਦਾ ਤੋਂ ਆਸਥਾਹੀਨ ਹੋ ਜਾਣ ਅਤੇ ਆਪਣੀ ਦੁਨੀਆਂ ਦੇ ਨਾਲ ਆਪਣਾ ਅੰਜਾਮ ਵੀ ਖ਼ਰਾਬ ਕਰ ਲੈਣ। ਕਿਉਂਕਿ ਇਸ ਪ੍ਰਕਾਰ ਦੀ ਪਰਖ ਵਿਚੱ ਕਈ ਲੋਕਾਂ ਨੇ ਨਬੀਆਂ ਦੇ ਸਮੇਂ ਦੌਰਾਨ ਵੀ ਠੋਕਰਾਂ ਖਾਧੀਆਂ ਹਨ ਅਤੇ ਮੁਰਤਦ ਹੋਣ ਤਕੱ ਨੋਬਤ ਪਹੁੰਚੀ ਹੈ ਅਤੇ ਇਹ ਗਲੱ ਮੁਆਰਫ਼ਤ (ਅਧਿਆਤਮਿਕਤਾ) ਦੀ ਇਕੱ ਸੂਖ਼ਮਤਾ ਹੈ ਕਿ ਮਕਬੂਲਾਂ ਦੀ ਪ੍ਰਸਿੱਧੀ ਬਹੁਤੀਆਂ ਦੁਆਵਾਂ ਦੇ ਪਰਵਾਨ ਹੋਣ ਨਾਲ ਸ਼ਨਾਖ਼ਤ ਕੀਤੀ ਜਾਂਦੀ ਹੈ। ਅਰਥਾਤ ਉਹਨਾਂ ਦੀਆਂ ਬਹੁਤੀਆਂ ਦੁਆਵਾਂ ਕੁਬੂਲ ਹੋ ਜਾਂਦੀਆਂ ਹਨ। ਨ ਇਹ ਕਿ ਸਾਰੀਆਂ ਦੀ ਸਾਰੀਆਂ ਕੁਬੂਲ ਹੋ ਜਾਂਦੀਆਂ ਹਨ। ਸੋ, ਜਦੱ ਤਕੱ ਸੰਪਰਕ ਕਰਨ ਵਾਲਿਆਂ ਦੀ ਗਿਣਤੀ ਬਹੁਤ ਸੰਖਿਆ ਤਕੱ ਨ ਪਹੁੰਚੇ। ਤਦੱ ਤਕੱ ਦੁਆ ਦੀ ਪਰਵਾਨਗੀ ਦਾ ਪਤਾ ਨਹੀਂ ਲਗੱ ਸਕਦਾ। ਬਹੁ-ਸੰਖਿਆ ਦੀ ਪੂਰੀ ਵਾਸਤਵਿਕਤਾ ਅਤੇ ਵਡਿਆਈ ਉਸ ਸਮੇਂ ਬਖ਼ੂਬੀ ਜ਼ਾਹਰ ਹੁੰਦੀ ਹੈ। ਜਦੱ ਕਿ ਕਾਮਲ ਮੋਮਿਨ ਦੀਆਂ ਪਰਵਾਨਤ ਦੁਆਵਾਂ ਦਾ ਉਸ ਦੇ ਪ੍ਰਤੀਦਵਿੰਦੀ ਨਾਲ ਮੁਕਾਬਲਾ ਕੀਤਾ ਜਾਵੇ। ਨਹੀਂ ਤਾਂ ਸੰਭਵ ਹੈ ਕਿ ਇਕੱ ਕੁਰਾਹੀਏ ਖੰਡਨ ਕਰਤਾ ਦੀ ਦ੍ਰਿਸ਼ਟੀ ਵਿਚੱ ਉਹ

ਬਹੁ-ਗਿਣਤੀ ਵੀ ਘਾਟੇ ਦੀ ਅਵਸਥਾ ਵਿਚੱ ਵਿਖਾਈ ਦੇਵੇ । ਸੋ, ਵਾਸਤਵ ਵਿਚੱ ਬਹੁਤੀਆਂ ਦੁਆਵਾਂ ਦੀ ਪਰਵਾਨਗੀ ਵਿਚੱ ਇਕੱ ਤੁਲਨਾਤਮਕ ਗਲੱ ਹੈ। ਜਿਸ ਦੀ ਸਹੀ, ਉਚਿੱਤ, ਵਿਸ਼ਵਸਨੀ ਅਤੇ ਪੱਕੀ ਸ਼ਨਾਖ਼ਤ ਜੋ ਇੰਨਕਾਰੀ ਦੇ ਮੂੰਹ ਨੂੰ ਬੰਦ ਕਰ ਦੇਣ ਵਾਲੀ ਹੋਵੇ ਮੁਕਾਬਲੇ ਰਾਹੀਂ ਹੀ ਪ੍ਰਕਟ ਹੁੰਦੀ ਹੈ । ਉਧਾਰਣ ਲਈ ਹਜ਼ਾਰ ਹਜ਼ਾਰ ਅਜਿਹੇ ਮੁਸੀਬਤ ਵਿਚੱ ਗ੍ਰਿਸੇ ਵਿਅਕਤੀ ਦੋ ਅਜਿਹੇ ਵਿਅਕਤੀਆਂ ਦੇ ਹਿੱਸੇ ਵਿਚੱ ਆ ਜਾਣ ਜਿੰਨ੍ਹਾ ਨੂੰ ਕਾਮਲ ਮੋਮਿਨ ਅਤੇ ਦੁਆਵਾਂ ਦੀ ਪਰਵਾਨਗੀ ਦਾ ਦਾਅਵਾ ਹੈ ਅਤੇ ਇਕੱ ਵਿਅਕਤੀ ਦੀਆਂ ਦੁਆਵਾਂ ਦੀ ਪਰਵਾਨਗੀ ਦਾ ਇਹ ਪ੍ਰਭਾਵ ਹੋਵੇ ਕਿ ਹਜ਼ਾਰ ਵਿੱਚੋਂ ਪੰਜਾਹ ਜਾਂ ਪੰਝੀ ਅਜਿਹੇ ਬਾਕੀ ਰਹਿਣ ਜੋ ਅਸਫ਼ਲ ਰਹਿਣ ਅਤੇ ਬਾਕੀ ਸਾਰੇ ਸਫ਼ਲ ਹੋ ਜਾਣ ਅਤੇ ਦੂਜੇ ਧੜੇ ਵਿੱਚੋਂ ਕੇਵਲ ਪੰਝੀ ਜਾਂ ਪੰਜਾਹ ਹੀ ਅਸਫ਼ਲਤਾ ਤੋਂ ਬਚਣ ਅਤੇ ਬਾਕੀ ਸਾਰੇ ਦੇ ਸਾਰੇ ਨਾਮੁਰਾਦੀ ਦੇ ਡੂੰਘੇ ਖਡੱ ਵਿਚੱ ਜਾ ਡਿਗੱਣ ਤਾਂ ਮਕਬੂਲ ਅਤੇ ਮਰਦੂਦ ਵਿਚੱ ਪ੍ਰਤਖ ਅੰਤਰ ਹੋ ਜਾਵੇਗਾ ।

ਇਸ ਯੁਗੱ ਦਾ ਨੇਚਰਿਆ ਫ਼ਿਰਕਾ (ਪ੍ਰਕ੍ਰਿਤਿਕ ਸੁਭਾਵੀ) ਇਹਨਾਂ ਭਰਮਾ ਅਤੇ ਅੰਧ-ਵਿਸ਼ਵਾਸਾਂ ਵਿਚੱ ਗ੍ਰਿਸੱਿਆ ਮਾਲੂਮ ਹੁੰਦਾ ਹੈ ਕਿ ਕਿਉਂਕਿ ਆਰੰਭ ਤੋਂ ਹੀ ਕੁਦਰਤ ਨੇ ਹੋਣੀ ਅਤੇ ਅਣਹੋਣੀ ਕਾਰਜਾਂ ਵਿਚੱ ਵੰਡ ਕਰ ਰੱਖੀ ਹੈ। ਇਸ ਲਈ ਦੁਆਵਾਂ ਦੀ ਪਰਵਾਨਗੀ ਕੋਈ ਚੀਜ਼ ਨਹੀਂ । ਪਰ ਇਹ ਵਹਿਮ ਭਰਮ ਉੱਕੇ ਹੀ ਫੋਕੇ ਹਨ ਅਤੇ

ਸੱਚਾਈ ਇਹੋ ਹੈ ਕਿ ਜਿਵੇਂ ਹਕੀਮ (ਰਬੱ) ਨੇ ਦਵਾਈਆਂ ਵਿਚੱ ਪ੍ਰਕ੍ਰਿਤਿਕ ਨਿਯਮ ਦੀ ਵੰਡ ਦੇ ਹੁੰਦਿਆਂ ਹੋਇਆ ਵੀ ਪ੍ਰਭਾਵ ਰੱਖੇ ਹਨ । ਇੰਝ ਹੀ ਦੁਆਵਾਂ ਵਿਚੱ ਵੀ ਪ੍ਰਭਾਵ ਹਨ । ਜੋ ਹਮੇਸ਼ਾ ਚੰਗੇ ਤਜਰਬਿਆਂ ਨਾਲ ਪ੍ਰਮਾਣਿਤ ਹੁੰਦੇ ਹਨ ਅਤੇ ਜਿਸ ਪਵਿਤੱਰ ਅਸਬਾਬ (ਰਬੱ) ਨੇ ਦੁਆਵਾਂ ਦੀ ਪਰਵਾਨਗੀ ਨੂੰ ਆਦਿ ਤੋਂ ਆਪਣੀ ਮਰਿਆਦਾ ਬਣਾਇਆ ਹੋਇਆ ਹੈ । ਉਸੇ ਪਵਿਤੱਰ ਹਸਤੀ ਦੀ ਇਹ ਵੀ ਮਰਿਆਦਾ ਹੈ ਕਿ ਜੋ ਮੁਸੀਬਤ ਵਿਚੱ ਗ੍ਰਿੱਸੇ ਲੋਕ ਆਰੰਭ ਵਿਚੱ ਰਿਹਾਈ ਯੋਗ ਠਹਿਰ ਚੁੱਕੇ ਹਨ। ਉਹ ਇਹਨਾਂ ਹੀ ਲੋਕਾਂ ਦੇ ਪਾਕ ਵਜੂਦ ਜਾਂ ਦੁਆਵਾਂ ਦੀ ਪਰਵਾਨਗੀ ਅਤੇ ਧਿਆਨ ਜਾਂ ਇਹਨਾਂ ਦੇ ਧਰਤੀ ਉਪੱਰ ਪਵਿਤੱਰ ਵਜੂਦ ਦੀ ਬਰਕਤ ਨਾਲ ਰਿਹਾਈ ਪਾਉਂਦੇ ਹਨ । ਜੋ ਨੇੜਤਾ ਅਤੇ ਪਰਵਾਨਗੀ ਦੇ ਸੁਭਾਗ ਨਾਲ ਸੁਸਜਿੱਤ ਹਨ । ਬੇਸ਼ਕੱ ਸੰਸਾਰ ਵਿਚੱ ਬਹੁਤ ਸਾਰੇ ਲੋਕ ਬੁਤੱ ਪ੍ਰਸਤ ਵੀ ਹਨ । ਜੋ ਕਾਮਲ ਮੋਮਿਨਾਂ ਵਲੱੂ ਆਪਣੀਆਂ ਔਕੜਾਂ ਸਮੇਂ ਧਿਆਨ ਵੀ ਨਹੀਂ ਦਿੰਦੇ ਅਤੇ ਅਜਿਹੇ ਵੀ ਹਨ ਜੋ ਦੁਆਵਾਂ ਦੀ ਪਰਵਾਨਗੀ ਦੇ ਕਾਇਲ ਵੀ ਨਹੀਂ ਅਤੇ ਪੂਰਨਤਾ ਤਰਕੀਬਾਂ ਅਤੇ ਸਾਧਨ ਜੁਟਾਉਣ ਦੇ ਬੰਧਕ ਹਨ ਅਤੇ ਉਹਨਾਂ ਦੀ ਜੀਵਨ ਸ਼ੈਲੀ ਉਪੱਰ ਨਜ਼ਰ ਪਾਉਣ ਨਾਲ ਸੰਭਵਤਾ ਇਕੱ ਉਪੱਰੀ ਪਧੱਰ ਦੀ ਸੋਚ ਦਾ ਵਿਅਕਤੀ ਇਸ ਧੋਖੇ ਵਿਚੱ ਪਏਗਾ ਕਿ ਉਹਨਾ ਦੀਆਂ ਮੁਸੀਬਤਾਂ ਵੀ ਤਾਂ ਹਲੱ ਹੁੰਦੀਆਂ ਹਨ । ਫਿਰ ਇਕੱ ਗਲੱੂ ਕਿ ਮਕਬੂਲਾਂ ਦੀਆਂ

ਦੁਆਵਾਂ ਹੀ ਬਹੁਤੀਆਂ ਕੁਬੂਲ ਹੁੰਦੀਆਂ ਹਨ। ਕਿਵੇਂ ਸਫ਼ਾਈ ਨਾਲ ਸਾਬਤ ਹੋ ਸਕਦੀ ਹੈ। ਇਸ ਭਰਮ ਦਾ ਉੱਤਰ ਜੋ ਕੁਰਆਨੇ ਸ਼ਰੀਫ਼ ਵਿਚੱ ਵਰਨਣ ਕੀਤਾ ਗਿਆ ਹੈ। ਇਹ ਹੈ ਕਿ ਜੇਕਰ ਕੋਈ ਵਿਅਕਤੀ ਆਪਣੀਆਂ ਮੁਰਾਦਾਂ ਲਈ ਬੁਤੱ ਵਲੱ ਧਿਆਨ ਕਰੇ ਜਾਂ ਹੋਰਨਾਂ ਦੇਵਤਾਵਾਂ ਵਲੱ ਧਿਆਨ ਕਰੇ ਜਾਂ ਆਪਣੀਆਂ ਤਰਕੀਬਾਂ ਵਲੱ ਧਿਆਨ ਕਰੇ। ਪਰ ਵਾਸਤਵ ਵਿਚੱ ਰਬੱ ਦਾ ਪਵਿੱਤਰ ਪ੍ਰਕ੍ਰਿਤਕ ਨਿਯਮ ਇਹੋ ਹੈ ਕਿ ਸਾਰੇ ਕੰਮ ਮਕਬੂਲਾਂ ਦੇ ਹੀ ਪ੍ਰਭਾਵ ਅਤੇ ਹਸਤੀ ਨਾਲ ਹੁੰਦੇ ਹਨ ਅਤੇ ਉਹਨਾਂ ਦੀ ਪਵਿੱਤਰ ਹਸਤੀ ਅਤੇ ਉਹਨਾਂ ਦੀਆਂ ਬਰਕਤਾਂ ਨਾਲ ਇਹ ਜਹਾਨ ਵਸੱ ਰਿਹਾ ਹੈ। ਉਹਨਾਂ ਦੀਆਂ ਹੀ ਬਰਕਤਾਂ ਨਾਲ ਵਰਖਾ ਹੁੰਦੀ ਹੈ। ਉਹਨਾਂ ਦੀਆਂ ਹੀ ਬਰਕਤਾਂ ਨਾਲ ਸੰਸਾਰ ਵਿਚੱ ਅਮਨ ਰਹਿੰਦਾ ਹੈ ਅਤੇ ਬਲਾਵਾਂ ਦੂਰ ਹੁੰਦੀਆਂ ਹਨ ਅਤੇ ਉਪਦੱਰ ਮਿਟਾਏ ਜਾਂਦੇ ਹਨ ਅਤੇ ਉਹਨਾਂ ਦੀਆਂ ਹੀ ਬਰਕਤਾਂ ਨਾਲ ਸੰਸਾਰਿਕ ਲੋਕ ਆਪਣੀਆਂ ਤਰਕੀਬਾਂ ਵਿਚੱ ਸਫ਼ਲ ਹੁੰਦੇ ਹਨ ਅਤੇ ਉਹਨਾਂ ਦੀਆਂ ਬਰਕਤਾਂ ਨਾਲ ਹੀ ਚੰਨ੍ਹ ਚੜ੍ਹਦਾ ਹੈ ਅਤੇ ਸੂਰਜ ਲਿਸ਼ਕਦਾ ਹੈ। ਉਹ ਸੰਸਾਰ ਦੇ ਨੂਰ ਹਨ। ਜਦੱ ਤਕੱ ਉਹ ਆਪਣੇ ਮਾਨਵੀ ਹਸਤੀ ਦੇ ਪੱਖੋਂ ਸੰਸਾਰ ਵਿਚੱ ਹਨ। ਸੰਸਾਰ ਪ੍ਰਕਾਸ਼ ਮਈ ਹੈ ਅਤੇ ਉਹਨਾ ਦੀ ਮਾਨਵੀ ਹਸਤੀ ਦੇ ਖ਼ਾਤਮੇ ਨਾਲ ਹੀ ਸੰਸਾਰ ਦਾ ਖ਼ਾਤਮਾ ਹੋ ਜਾਏਗਾ। ਕਿਉਂਕਿ ਵਾਸਤਵਿਕ ਸੂਰਜ ਅਤੇ ਚੰਨ੍ਹ ਸੰਸਾਰ ਦੇ ਇਹੋ ਹਨ। ਇਸ ਭਾਸ਼ਣ ਤੋਂ ਪ੍ਰਕਟ ਹੈ

ਕਿ ਮਨੁਖੱ ਦੀਆਂ ਮੁਰਾਦਾਂ ਸਗੋਂ ਜੀਵਨ ਦਾ ਧੁਰਾ ਉਹੀ ਲੋਕ ਹਨ ਅਤੇ ਮਨੁਖੱ ਕੀ ਹਰ ਇਕੱ ਮਖ਼ਲੂਕ ਦੇ ਪੜਾਅ ਅਤੇ ਸਥਿੱਰਤਾ ਦਾ ਧੁਰਾ ਅਤੇ ਕੇਂਦਰ ਉਹੀ ਹਨ। ਜੇਕਰ ਉਹ ਨ ਹੋਣ ਤਾਂ ਫਿਰ ਵੇਖੋ ਕਿ ਬੁਤਾਂ ਤੋਂ ਕੀ ਹਾਸਲ ਹੈ ਅਤੇ ਤਰਕੀਬਾਂ ਦਾ ਕੀ ਲਾਭ ਹੈ। ਇਹ ਇਕੱ ਅਤਿਅੰਤ ਸੁਖ਼ਮ ਭੇਦ ਹੈ। ਜਿਸ ਨੂੰ ਸਮਝਣ ਲਈ ਕੇਵਲ ਇਸ ਸੰਸਾਰ ਦੀ ਅਕਲ ਬਹੁਤ ਨਹੀਂ ਹੈ। ਸਗੋਂ ਉਸ ਨੂਰ ਦੀ ਲੋੜ੍ਹ ਹੈ। ਜੋ ਆਰਫ਼ਾਂ (ਮੁਆਰਫ਼ਤ ਦੇ ਗਿਆਤਾ) ਨੂੰ ਮਿਲਦਾ ਹੈ। ਵਾਸਤਵ ਵਿਚੱ ਇਹ ਸਾਰੇ ਸ਼ੰਕੇ ਮੁਕਾਬਲੇ ਨਾਲ ਦੂਰ ਹੋ ਜਾਂਦੇ ਹਨ ਕਿਉਂਕਿ ਮੁਕਾਬਲੇ ਦੇ ਸਮੇਂ ਰਬੱ ਵਿਸ਼ੇਸ਼ ਨਿਸ਼ਚਾ ਕਰਦਾ ਹੈ ਕਿ ਉਹ ਜੋ ਰਬੱ ਵੱਲੋਂ ਸੱਚੀ ਪਰਵਾਨਗੀ ਅਤੇ ਸੱਚੀ ਬਰਕਤ ਰਖੱਦਾ ਹੈ ਉਸ ਦਾ ਸਨਮਾਨ ਪ੍ਰਕਟ ਹੋਵੇ। ਜੇਕਰ ਬੁਤੱ ਪੂਜਕ ਇਕੱ ਈਸ਼ਵਰਵਾਦੀ ਦੇ ਮੁਕਾਬਲੇ ਵਿਚੱ ਆਏ ਅਤੇ ਦੁਆਵਾਂ ਦੀ ਪਰਵਾਨਗੀ ਵਿਚੱ ਇਕੱ ਦੂਜੇ ਦੀ ਪ੍ਰੀਖਿਆ ਕਰੇ ਤਾਂ ਬੁਤੱ ਪੂਜਕ ਅਤਿਅੰਤ ਬੇਇਜ਼ੱਤ ਅਤੇ ਨਿਰਾਦਰ ਹੋਵੇ। ਇਸੇ ਕਰਕੇ ਮੈਂ ਪਹਿਲਾਂ ਵੀ ਕਹਿ ਦਿੱਤਾ ਹੈ ਕਿ ਕਾਮਲ ਮੋਮਿਨ ਦੀ ਪਰਖ ਲਈ ਜਿੰਨ੍ਹਾਂ ਸੌਖਾ ਤਰੀਕਾ ਮੁਕਾਬਲਾ ਹੈ। ਅਜਿਹਾ ਸੌਖਾ ਕੋਈ ਹੋਰ ਤਰੀਕਾ ਨਹੀਂ ਹੈ ਜਿਸ ਬਾਰੇ ਕਾਮਲ ਮੋਮਿਨ ਦੀ ਦੁਆ ਪਰਵਾਨ ਨ ਹੋਵੇ ਅਤੇ ਇਲਾਹੀ ਆਦੇਸ਼ਾਂ ਰਾਹੀਂ ਉਸ ਨੂੰ ਅਪਰਵਾਨਗੀ ਦੀ ਸੂਚਨਾ ਦਿੱਤੀ ਜਾਵੇ। ਫ਼ਿਰ ਜੇਕਰ ਇਸ ਕੰਮ ਲਈ ਯੁਰੋਪ ਅਮਰੀਕਾ ਦੀਆਂ

ਸਾਰੀਆਂ ਤਦਬੀਰਾਂ ਮੁਕੱ ਜਾਣ ਜਾਂ ਸੰਸਾਰ ਦੇ ਸਾਰੇ ਬੁੱਤਾਂ ਅੱਗੇ ਮੱਥਾ ਰਗੜ੍ਹਿਆ ਜਾਵੇ ਜਾਂ ਜੇਕਰ ਸਾਰਾ ਸੰਸਾਰ ਆਪਣੀਆਂ ਆਪਣੀਆਂ ਦੁਆਵਾਂ ਵਿਚੱ ਇਸ ਗਲੱ ਦੀ ਸਫ਼ਲਤਾ ਚਾਹੁਣ ਤਾਂ ਇਹ ਅਸੰਭਵ ਹੋਵੇਗਾ। ਜੇਕਰ ਕਾਮਲ ਮੋਮਿਨ ਦਾ ਫ਼ੈਜ਼ (ਲਾਭ) ਸਾਰੇ ਸੰਸਾਰ ਵਿਚੱ ਜਾਰੀ ਅਤੇ ਫੈਲਿਆ ਰਹਿੰਦਾ ਹੈ ਅਤੇ ਇਸੇ ਦੀ ਬਰਕਤ ਨਾਲ ਸਾਰੇ ਸੰਸਾਰ ਦੀ ਚੱਕੀ ਚਲਦੀ ਹੈ ਅਤੇ ਉਹ ਪਿਛੋਕੜ੍ਹ ਵਿਚੱ ਮੁਰਾਦਾਂ ਦੀ ਪ੍ਰਾਪਤੀ ਦਾ ਸਾਧਨ ਹੁੰਦਾ ਹੈ। ਭਾਵੇਂ ਕੋਈ ਉਸ ਨੂੰ ਸ਼ਨਾਖ਼ਤ ਕਰੇ ਜਾਂ ਨ ਕਰੇ। ਪਰੰਤੂ ਜੋ ਲੋਕ ਵਿਸ਼ੇਸ਼ ਰੂਪ ਵਿਚੱ ਆਸਥਾ ਅਤੇ ਸ਼ਰਧਾ ਨਾਲ ਇਸ ਵਲੱ ਆਕ੍ਰਸ਼ਤ ਹੁੰਦੇ ਹਨ। ਉਹ ਨ ਕੇਵਲ ਇਸ ਦੀਆਂ ਬਰਕਤਾਂ ਨਾਲ ਸੰਸਾਰ ਦੀਆਂ ਮੁਰਾਦਾਂ ਪਾਉਂਦੇ। ਸਗੋਂ ਆਪਣਾ ਦੀਨ (ਧਰਮ) ਵੀ ਦਰੁਸਤ ਕਰ ਲੈਂਦੇ ਹਨ ਅਤੇ ਆਪਣੇ ਇਮਾਨਾ (ਆਸਥਾਵਾਂ) ਨੂੰ ਮਜ਼ਬੂਤ ਕਰ ਲੈਂਦੇ ਹਨ ਅਤੇ ਆਪਣੇ ਰਬੱ ਨੂੰ ਪਛਾਣ ਲੈਂਦੇ ਹਨ ਅਤੇ ਜੇਕਰ ਉਹ ਵਫ਼ਾਦਾਰੀ ਨਾਲ ਕਾਮਲ ਮੋਮਿਨ ਦੀ ਛਾਂ ਹੇਠ ਪਏ ਰਹਿਣ ਅਤੇ ਵਿੱਚੋਂ ਨਠੱ ਨ ਜਾਣ ਤਾਂ ਬਹੁਤ ਸਾਰੇ ਆਕਾਸ਼ੀ ਨਿਸ਼ਾਨਾ (ਚਮਤਕਾਰਾਂ) ਨੂੰ ਵੇਖ ਲੈਂਦੇ ਹਨ।

ਮੈਂ ਜੋ ਇਸ ਵਿਸ਼ੇ ਵਿਚੱ ਵਖੱ ਵਖੱ ਪ੍ਰਕਾਰ ਦੇ ਮੁਸੀਬਤਾਂ ਵਿਚੱ ਗ੍ਰਿਸੱਿਆਂ ਦਾ ਹੋਣਾ ਸ਼ਰਤ ਵੱਜੋ ਲਿਖੱ ਦਿੱਤਾ ਹੈ। ਇਹ ਇਸ ਲਈ ਲਿਖੱਿਆ ਹੈ ਕਿ ਤਾਂ ਸਾਧਰਣ ਤੌਰ ਉੱਤੇ ਭਿੰਨ ਭਿੰਨ ਪ੍ਰਕਾਰ ਦੀਆਂ

ਆਸਥਾਵਾਂ ਵਿਚੱ ਰਬੱ ਦੀਆਂ ਰਹਿਮਤਾਂ ਪ੍ਰਕਟ ਹੋਣ ਅਤੇ ਹਰ ਇਕੱ ਸੁਭਾਉ ਅਤੇ ਚਿੰਤਨ ਦਾ ਵਿਅਕਤੀ ਇਸ ਨੂੰ ਸਮਝ ਸਕੇ ਅਤੇ ਵਖੱ ਵਖੱ ਪ੍ਰਕਾਰ ਦੀਆਂ ਮੁਸੀਬਤਾਂ ਵਿਚੱ ਗ੍ਰਿੱਸੇ ਹੇਠ ਲਿੱਖੀਆਂ ਉਧਾਰਣਾ ਨਾਲ ਸਮਝ ਸਕਦੇ ਹਨ। ਉਧਾਰਣ ਲਈ ਕੋਈ ਭਿੰਨ ਭਿੰਨ ਪ੍ਰਕਾਰ ਦੇ ਰੋਗਾਂ ਵਿਚੱ ਗ੍ਰਿਸੱਿਆ ਹੋਵੇ ਅਤੇ ਕਿਸੇ ਅਜਾਈ ਹੀ ਵੰਡ ਵਿਚੱ ਫਸ ਗਿਆ ਹੋਵੇ ਜਾਂ ਫਸਣ ਵਾਲਾ ਹੋਵੇ ਅਤੇ ਕਿਸੇ ਦਾ ਪਿਆਰਾ ਪੁਤੱਰ ਲਾਪਤਾ ਹੋਵੇ। ਜਿਸ ਦੀ ਕੋਈ ਖ਼ਬਰ ਨ ਹੋਵੇ ਅਤੇ ਕੋਈ ਆਪ ਨਿਹਸੰਤਾਨ ਹੋਵੇ। ਕੋਈ ਉੱਚੀ ਪਦਵੀ ਮਗਰੋਂ ਬੇਇਜ਼ੱਤੀ ਅਤੇ ਨਿਰਾਦਰ ਕਰਕੇ ਰਹਿਮ ਦਾ ਪਾਤਰ ਹੋਵੇ। ਕੋਈ ਕਿਸੇ ਜ਼ਾਲਮ ਦੇ ਪੰਜੇ ਵਿਚੱ ਫਸਿੱਆ ਹੋਵੇ। ਕੋਈ ਆਪਣੀ ਸਮਰਥਾ ਤੋਂ ਵਧੱ ਅਸਾਧਾਰਣ ਕਰਜ਼ੇ ਦੀ ਮਾਰ ਹੇਠ ਮਰਨ ਕੰਢੇ ਹੋਵੇ। ਕਿਸੇ ਦੇ ਜਿਗਰ ਦਾ ਟੋਟਾ ਸੱਚੇ ਦੀਨੇ ਇਸਲਾਮ ਤੋਂ ਫਿਰ ਗਿਆ ਹੋਵੇ ਅਤੇ ਕੋਈ ਅਜਿਹੇ ਦੁਖੱ ਅਤੇ ਕਸ਼ਟ ਵਿਚੱ ਗ੍ਰਿਸੱਿਆ ਹੋਵੇ। ਜਿਸ ਨੂੰ ਅਸੀਂ ਹੁਣ ਤਕੱ ਵਰਨਣ ਨਹੀਂ ਕਰ ਸਕੇ। ਚੌਥੀ ਅਲਾਮਤ ਅਰਥਾਤ ਕੁਰਆਨੇ ਸ਼ਰੀਫ਼ ਦੇ ਮੁਆਰਫ਼ਤ (ਅਧਿਆਤਮਿਕ ਗਿਆਨ) ਦੇ ਗਿਆਨ ਦਾ ਖੁਲੱਣਾ। ਇਸ ਵਿਚੱ ਚੰਗਾ ਇਹ ਹੈ ਕਿ ਹਰ ਇਕੱ ਪਖੱ ਕੁਰਆਨੇ ਸ਼ਰੀਫ਼ ਦੀਆਂ ਕੁਝੱ ਆਇਤਾਂ ਦਾ ਅਧਿਆਤਮਿਕ ਗਿਆਨ (ਮੁਆਰਫ਼), ਸੂਖਮਤਾ ਤੇ ਵਾਸਤਵਿਕਤਾ ਲਿਖੱ ਕੇ ਅੰਜੁਮਨ ਵਿਚੱ ਦੇਵੇ ਅਤੇ ਐਨ ਜਨਤਕ ਸਮਾਰੋਹ ਵਿਚੱ ਸੁਣਾਏ।

ਫਿਰ ਜੇਕਰ ਜੋ ਕੁਝੱ ਕਿਸੇ ਪਖੱ ਨੇ ਲਿਖਿੱਆ ਹੈ। ਕਿਸੇ ਪਹਿਲੀ ਤਫ਼ਸੀਰ (ਵਿਆਖਿਆ) ਦੀ ਕਿਤਾਬ ਵਿੱਚੋਂ ਸਾਬਤ ਹੋ ਜਾਵੇ ਤਾਂ ਇਹ ਵਿਅਕਤੀ ਕੇਵਲ ਬੁੱਧੀਹੀਨ ਸਵੀਕਰਤ ਹੋ ਕੇ ਵੰਡ ਦਾ ਭਾਗੀ ਹੋਵੇਗਾ। ਪਰੰਤੂ ਜੇਕਰ ਉਸ ਦੀਆਂ ਵਰਣਤ ਹਕੀਕਤਾਂ ਅਤੇ ਮੁਆਰਫ਼ ਉਸ ਦੀ ਆਪਣੀ ਵਿਅਕਤੀਗਤੱ ਸੀਮਾਵਾਂ ਤਕੱ ਸਹੀ ਅਤੇ ਭਰਮ ਰਹਿਤ ਵੀ ਹੋਵੇ। ਅਜਿਹੇ ਨਵੀਨ ਅਤੇ ਨਵ-ਜਨਮੇ ਹੋਣ। ਜੋ ਪਹਿਲੇ ਵਿਆਖਿਅਕਾਰਾਂ ਦੇ ਬੋਧ ਉਹਨਾ ਵਲੱ੍ਹ ਨ ਗਏ ਹੋਣ ਅਤੇ ਪੂਰਨਤਾ ਉਹ ਅਰਥ ਪੂਰੀ ਤਰ੍ਹਾਂ ਬਨਾਵਟ ਤੋਂ ਪਾਕ ਹੋਣ ਅਤੇ ਕੁਰਆਨੇ ਕਰੀਮ ਦੇ ਕਮਾਲਾਂ, ਕਰਾਮਾਤਾਂ, ਅਜ਼ਮਤਾਂ, ਵਡਿੱਆਈਆਂ ਅਤੇ ਸ਼ਾਨ ਨੂੰ ਪ੍ਰਕਟ ਕਰਦੇ ਹੋਣ ਅਤੇ ਆਪਣੇ ਅੰਦਰ ਇਕੱ ਜਲਾਲ, ਰੋਹਬ ਅਤੇ ਸੱਚਾਈ ਦਾ ਇਕੱ ਨੂਰ ਰਖੱਦੇ ਹੋਣ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਰਬੱ ਵੱਲੋਂ ਹਨ। ਜੋ ਰਬੱ ਨੇ ਆਪਣੇ ਮਕਬੂਲਾਂ ਦੇ ਸਨਮਾਨ, ਪਰਵਾਨਗੀ ਅਤੇ ਯੋਗਤਾ ਨੂੰ ਦਰਸਾਉਣ ਲਈ ਆਪਣੇ ਦਾਰਸ਼ਨਿਕ ਗਿਆਨ ਰਾਹੀਂ ਪ੍ਰਦਾਨ ਕੀਤੀਆਂ ਹਨ। ਇਹ ਪਰਖ ਦੀਆਂ ਚਾਰੇ ਕਸੌਟੀਆਂ ਜੋ ਮੈਂ ਲਿਖਿੱਆਂ ਹਨ। ਇਹ ਅਜਿਹੀਆਂ ਸਿਧਿੱਆਂ ਅਤੇ ਸਪਸ਼ਟ ਹਨ ਕਿ ਜੋ ਵਿਅਕਤੀ ਗ਼ੌਰ ਨਾਲ ਇਹਨਾਂ ਨੂੰ ਪੜ੍ਹੇਗਾ। ਉਹ ਨਿਹਸੰਦੇਹ ਇਸ ਗਲੱ੍ਹ ਨੂੰ ਪਰਵਾਨ ਕਰੇਗਾ ਕਿ ਦੋਹਾਂ ਪੱਖਾਂ ਦੇ ਨਿਰਣੈ ਲਈ ਇਸ ਤੋਂ ਸਾਫ਼, ਸਰਲ ਅਤੇ ਸਪਸ਼ਟ ਹੋਰ ਕੋਈ ਰੂਹਾਨੀ (ਆਤਮਿਕ) ਤਰੀਕਾ ਨਹੀਂ ਅਤੇ ਮੈਂ ਇਕਰਾਰ

ਕਰਦਾ ਹਾਂ ਅਤੇ ਰਬੱ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਜੇਕਰ ਮੈਂ ਇਸ ਮੁਕਾਬਲੇ ਵਿਚੱ ਪਰਾਜਿਤੱ ਹੋ ਗਿਆ ਤਾਂ ਆਪਣੇ ਸੱਚਾਈ ਉਪੱਰ ਨ ਹੋਣ ਦਾ ਇਕਰਾਰ ਪ੍ਰਕਾਸ਼ਿਤ ਕਰ ਦਿਆਂਗਾ । ਫ਼ਿਰ ਮੀਆਂ ਨਜ਼ੀਰ ਹੁਸੈਨ ਸਾਹਿਬ ਅਤੇ ਸ਼ੇਖ਼ ਬਟਾਲਵੀ ਦੇ ਕਾਫ਼ਰ ਅਤੇ ਝੂੱਠਾ ਆਖਣ ਦੀ ਲੋੜ੍ਹ ਨਹੀਂ ਰਹੇਗੀ ਅਤੇ ਇਸ ਅਵਸਥਾ ਵਿਚੱ ਮੈਂ ਹਰ ਇਕੱ ਅਪਮਾਨ, ਤੌਹੀਨ ਅਤੇ ਬੇਇਜ਼ੱਤੀ ਦਾ ਦੰਡਨੀ ਅਪਰਾਧੀ ਠਹਿਰਾਂਗਾ ਅਤੇ ਇਸੇ ਜਲਸੇ (ਸਮਾਰੋਹ) ਵਿਚੱ ਇਕਰਾਰ ਵੀ ਕਰਾਂਗਾ ਕਿ ਮੈਂ ਰਬੱ ਵਲੋਂ ਨਹੀਂ ਹਾਂ ਅਤੇ ਮੇਰੇ ਸਾਰੇ ਦਾਅਵੇ ਝੂੱਠੇ ਹਨ ਅਤੇ ਬਖ਼ੁਦਾ ਮੈਂ ਵਿਸ਼ਵਾਸ ਰਖੱਦਾ ਹਾਂ ਕਿ ਮੇਰਾ ਰੱਬ ਉੱਕਾ ਹੀ ਅਜਿਹਾ ਨਹੀਂ ਕਰੇਗਾ ਅਤੇ ਕਦੇ ਵੀ ਮੈਂਨੂੰ ਨਸ਼ਟ ਨਹੀਂ ਹੋਣ ਦੇਵੇਗਾ ਉਪੱਰ ਵਰਣਿਤ ਮੌਲਵੀਆਂ ਦਾ ਇਸ ਪਰਖ ਤੋਂ ਸਾਫ਼ ਅਤੇ ਸਪਸ਼ਟ ਮੂੰਹ ਫ਼ੇਰ ਲੈਣਾ (ਜੇਕਰ ਉਹ ਮੂੰਹ ਫ਼ੇਰ ਲੈਣ) ਨ ਕੇਵਲ ਅਨਿਆਏ ਹੋਵੇਗਾ। ਸਗੋਂ ਮੇਰੇ ਵਿਚਾਰ ਵਿੱਚ ਇਸ ਸਮੇਂ ਚੁਪੱ ਰਹਿਣ ਨਾਲ ਜਾਂ ਕੇਵਲ ਉਲਝਨਾ ਅਤੇ ਅਣਉਚਿਤੱ ਉਤੱਰਾਂ ਅਤੇ ਸੰਤੋਖ ਕਰਨ ਨਾਲ ਸੂਝਵਾਨ ਲੋਕਾਂ ਨੂੰ ਆਪਣੇ ਉਪੱਰ ਸਖ਼ਤ ਬਦਗੁਮਾਨ ਕਰ ਲੈਣਗੇ । ਜੇਕਰ ਉਹ ਇਸ ਸਮੇਂ ਅਜਿਹੇ ਵਿਅਕਤੀ ਦੇ ਮੁਕਾਬਲੇ ਉੱਤੇ ਜੋ ਸੱਚੇ ਮਨ ਨਾਲ ਮੁਕਾਬਲੇ ਲਈ ਮੈਦਾਨ ਵਿੱਚ ਖੜ੍ਹਾ ਹੈ। ਕੇਵਲ ਹੀਲਿਆਂ ਅਤੇ ਬਹਾਨਿਆਂ ਨਾਲ ਘੜਿਆ ਹੋਇਆ ਕੋਈ ਅਸਹਿਮਤ ਉਤੱਰ ਦੇਣਗੇ। ਤਾਂ ਚੇਤੇ ਰਖੱਣ ਕਿ ਕੋਈ ਸੱਚਾਈ ਦਾ ਜਾਚਕ ਅਤੇ ਸੱਚਾਈ

ਪਸੰਦ ਅਜਿਹੇ ਉਤੱਰ ਨੂੰ ਪਸੰਦ ਨਹੀਂ ਕਰੇਗਾ। ਸਗੋਂ ਨਿਆਏਕਾਰ ਲੋਕ ਇਸ ਨੂੰ ਪਛਤਾਵੇ ਦੀਆਂ ਨਿਗਾਹ ਨਾਲ ਵੇਖਣਗੇ। ਸੰਭਵ ਹੈ ਕਿ ਕਿਸੇ ਦੇ ਮਨ ਵਿੱਚ ਇਹ ਵਿਚਾਰ ਪੈਦਾ ਹੋਵੇ ਕਿ ਜੋ ਵਿਅਕਤੀ ਮਸੀਹ ਮੌਊਦ ਹੋਣ ਦਾ ਦਾਵੇਦਾਰ ਹੈ। ਉਹ ਕਿਉਂ ਆਪ ਹੀ ਇਕੱ ਪੱਖੀ ਰੂਪ ਵਿੱਚ ਅਜਿਹੇ ਨਿਸ਼ਾਨ (ਚਮਤਕਾਰ) ਨਹੀਂ ਵਿਖਾਉਂਦਾ। ਜਿੰਨ੍ਹਾ ਤੋਂ ਲੋਕ ਸਹਿਮਤ ਹੋ ਜਾਣ। ਇਸ ਦਾ ਉਤੱਰ ਇਹ ਹੈ ਕਿ ਇਹ ਸਾਰੇ ਲੋਕ ਮੌਲਵੀਆਂ ਦੀ ਪੈਰਵੀ ਵਿਚੱ ਹਨ ਅਤੇ ਮੌਲਵੀਆਂ ਨੇ ਆਪਣੇ ਇਸ਼ਤਿਹਾਰ ਰਾਹੀਂ ਸਾਧਾਰਣ ਲੋਕਾਂ ਵਿਚੱ ਇਹ ਗਲੱ੍ਹ ਫ਼ੈਲਾ ਦਿੱਤੀ ਹੈ ਕਿ ਇਹ ਵਿਅਕਤੀ ਕਾਫ਼ਰ ਅਤੇ ਦੱਜਾਲ (ਝੂੱਠਾ) ਹੈ ਭਾਵੇਂ ਕਿਨ੍ਹੇ ਹੀ ਨਿਸ਼ਾਨ ਵਿਖਾਵੇ। ਤਾਂ ਵੀ ਕੁਬੂਲ ਕਰਨ ਦੇ ਯੋਗ ਨਹੀਂ। ਸੋ, ਸ਼ੇਖ਼ ਬਟਾਲਵੀ ਨੇ ਆਪਣੇ ਇਕੱ ਲੰਮੇ ਇਸ਼ਤਿਹਾਰ ਵਿਚੱ ਜਿਸ ਨੂੰ ਉਸ ਨੇ ਲੁਧਿਆਣੇ ਦੇ ਬਹਿਸ ਦੇ ਬਾਦ ਛਾਪਿਆ ਹੈ। ਇਹੋ ਗੱਲ੍ਹਾਂ ਸਾਫ਼ ਸਾਫ਼ ਲਿਖੱ ਦਿੱਤੀਆਂ ਹਨ ਅਤੇ ਬਹੁਤ ਧੜ੍ਹੱਲੇ ਨਾਲ ਇੰਨਕਾਰ ਅਤੇ ਵੈਰ ਰਖੱਦਿਆਂ ਹੋਇਆ। ਇਸ ਨਿਮਾਣੇ ਬਾਰੇ ਲਿਖਿੱਆ ਹੈ ਕਿ ਇਹ ਵਿਅਕਤੀ ਜੋ ਆਕਾਸ਼ੀ ਨਿਸ਼ਾਨਾਂ (ਚਮਤਕਾਰਾਂ) ਦੇ ਵਿਖਾਉਣ ਵਲ੍ਹੱ ਸੱਦਾ ਦਿੰਦਾ ਹੈ। ਇਸ ਦੇ ਇਕੱ ਵੀ ਸੱਦੇ ਵਲ੍ਹੱ ਧਿਆਨ ਦੇਣ ਦੀ ਲੋੜ੍ਹ ਨਹੀਂ ਹੈ। ਕਿਉਂਕਿ ਨਿਸ਼ਾਨ ਤਾਂ ਇਬਨੇ ਸੱਯਾਦ ਤੋਂ ਵੀ ਪ੍ਰਕਟ ਹੁੰਦੇ ਸਨ ਅਤੇ ਦੱਜਾਲ ਮਾਹੂਦ (ਝੂੱਠਾ ਦਾਵੇਦਾਰ) ਵੀ ਵਿਖਾਏਗਾ। ਫ਼ਿਰ ਚਮਤਕਾਰਾਂ ਦਾ ਕੀ ਭਰੋਸਾ ਹੈ।

ਇਸ ਤੋਂ ਬਿਨਾ ਮੈਂ ਇਹ ਵੀ ਸੁਣਦਾ ਹਾਂ ਅਤੇ ਆਪਣੇ ਵਿਰੋਧੀਆਂ ਦੇ ਇਸ਼ਤਿਹਾਰ ਪੜ੍ਹਦਾ ਹਾਂ ਕਿ ਉਹ ਮੇਰੇ ਇਕੱ ਪੱਖੀ ਚਮਤਕਾਰਾਂ ਨੂੰ ਘ੍ਰਿਣਾ ਅਤੇ ਅਪਮਾਨ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ ਅਤੇ ਕੇਵਲ ਉਪਦੱਰ ਦੇ ਮਾਰਗ ਰਾਹੀਂ ਕਹਿੰਦੇ ਹਨ ਕਿ ਜੇਕਰ ਇਹ ਵਿਅਕਤੀ ਕੋਈ ਸੱਚਾ ਸੁਪਨਾ ਦਸੱਦਾ ਹੈ ਜਾਂ ਕੋਈ ਇਲਹਾਮੀ ਭਵਿਖੱਬਾਣੀ ਪ੍ਰਕਟ ਕਰਦਾ ਹੈ। ਤਾਂ ਇਹਨਾਂ ਕੰਮਾ ਵਿੱਚ ਉਸ ਦੀ ਕੀ ਵਿਸ਼ੇਸ਼ਤਾ ਹੈ ? ਕਾਫ਼ਰਾਂ ਨੂੰ ਵੀ ਸੱਚੇ ਸੁਪਨੇ ਆ ਜਾਂਦੇ ਹਨ। ਸਗੋਂ ਕਦੇ ਉਹਨਾ ਦੀਆਂ ਦੁਆਵਾਂ ਵੀ ਕੁਬੂਲ ਹੋ ਜਾਂਦੀਆਂ ਹਨ। ਕਦੇ ਉਹਨਾਂ ਨੂੰ ਸਮੇਂ ਤੋਂ ਪਹਿਲਾਂ ਕੋਈ ਗਲੱ ਵੀ ਪਤਾ ਲਗੱ ਜਾਂਦੀ ਹੈ ਕਈ ਸਹੁੰ ਖਾ ਕੇ ਕਹਿੰਦੇ ਹਨ ਕਿ ਇਹ ਗਲੱ ਤਾਂ ਸਾਨੂੰ ਵੀ ਹਾਸਲ ਹੈ ਅਤੇ ਨਹੀਂ ਜਾਣਦੇ ਕਿ ਕੇਵਲ ਇਕੱ ਪੈਸੇ ਤੋਂ ਫ਼ਕੀਰ, ਧਨਾਡ ਨਹੀਂ ਅਖਵਾ ਸਕਦਾ ਅਤੇ ਨਿੱਕੀ ਜਿਹੀ ਲੋਅ ਨਾਲ ਰਾਤ ਦੇ ਦੀਵੇ ਨੂੰ ਸੂਰਜ ਨਹੀਂ ਕਹਿ ਸਕਦੇ। ਪਰੰਤੂ ਬਿਨ੍ਹਾਂ ਮੁਕਾਬਲੇ ਦੇ ਇਹ ਲੋਕ ਕਿਸੇ ਪ੍ਰਕਾਰ ਨਹੀਂ ਸਮਝ ਸਕਦੇ। ਮੁਕਾਬਲੇ ਸਮੇਂ ਇਹਨਾਂ ਨੂੰ ਅਧਿਕਾਰ ਹੈ ਕਿ ਜੇਕਰ ਆਪ ਨਿਰਾਸ਼ ਹੋ ਜਾਣ ਤਾਂ ਦਸੱ ਵੀਹ ਕਾਫ਼ਰ ਹੀ ਆਪਣੇ ਨਾਲ ਸ਼ਾਮਿਲ ਕਰ ਲੈਣ। ਭਾਵ ਇਹ ਕਿ ਜਦੱ ਕਿ ਮੌਲਵੀਆਂ ਨੇ ਇਕੱ ਪੱਖੀ ਨਿਸ਼ਾਨਾ ਨੂੰ ਸਵੀਕਾਰ ਨਹੀਂ ਕੀਤਾ ਅਤੇ ਮੈਨੂੰ ਕਾਫ਼ਰ ਹੀ ਠਹਿਰਾਉਂਦੇ ਰਹੇ ਅਤੇ ਮੇਰੇ ਨਿਸ਼ਾਨਾ ਨੂੰ ਰੀਤੀ ਵਿਰੁਧੱ ਕਾਰਜਾਂ ਵਿਚੱ ਇਕੱ ਪੱਖੀ ਨਿਸ਼ਾਨਾ ਤੋਂ ਕੀ ਪ੍ਰਭਾਵ ਪਏਗਾ

ਅਤੇ ਜਨਤਾ ਜਿੰਨ੍ਹਾਂ ਦੇ ਮਨ ਅਤੇ ਕੰਨ੍ਹ ਅਜਿਹੀਆਂ ਗੱਲ੍ਹਾਂ ਨਾਲ ਭਰ ਦਿੱਤੇ ਗਏ ਹਨ । ਅਜਿਹੇ ਨਿਸ਼ਾਨਾਂ ਨਾਲ ਕਿਵੇਂ ਸੰਤੁਸ਼ਟ ਹੋਣਗੇ । ਪਰ ਇਮਾਨ (ਆਸਥਾ) ਦੇ ਨਿਸ਼ਾਨਾਂ ਨੂੰ ਵਿਖਾਉਣ ਦਾ ਆਪੋ ਵਿਚੱ ਮੁਕਾਬਲਾ ਇਕੱ ਅਜਿਹਾ ਸਾਫ਼ ਅਤੇ ਸਪਸ਼ਟ ਕਾਰਜ ਹੈ ਕਿ ਇਸ ਵਿਚੱ ਇਹਨਾਂ ਮੌਲਵੀਆਂ ਦਾ ਕੋਈ ਉਜ਼ਰ (ਬਹਾਨਾ) ਵੀ ਪੈਸ਼ ਨਹੀਂ ਜਾ ਸਕਦਾ । ਭਾਵ ਜਿੰਨ੍ਹਾਂ ਮੁਕਾਬਲੇ ਸਮੇਂ ਸਪਸ਼ਟ ਅਤੇ ਪ੍ਰਤਖ ਰੂਪ ਵਿਚੱ ਸੱਚਾਈ ਪ੍ਰਕਟ ਹੁੰਦੀ ਹੈ । ਅਜਿਹੀ ਕੋਈ ਹੋਰ ਅਵਸਥਾ ਸੱਚਾਈ ਨੂੰ ਪ੍ਰਕਟ ਕਰਨ ਦੀ ਨਹੀਂ ਹੈ । ਹਾਂ, ਜੇਕਰ ਇਹ ਲੋਕ ਇਸ ਮੁਕਾਬਲੇ ਤੋਂ ਨਿਰਾਸ਼ ਹੋਣ ਤਾਂ ਫ਼ਿਰ ਇਹਨਾਂ ਉੱਤੇ ਵਾਜਬ ਹੈ ਕਿ ਆਪਣੇ ਵੱਲੋਂ ਇਕੱ ਇਸ਼ਤਿਹਾਰ ਸਮੂਹਿਕ ਸਹਿਮਤੀ ਨਾਲ ਮੁਹਰਾਂ ਸਹਿਤ ਪ੍ਰਕਾਸ਼ਤ ਕਰ ਦੇਣ ਕਿ ਅਸੀਂ ਮੁਕਾਬਲਾ ਨਹੀਂ ਕਰ ਸਕਦੇ ਅਤੇ ਕਾਮਲ ਮੋਮਿਨਾ ਦੇ ਲਛੱਣ ਸਾਡੇ ਵਿੱਚ ਨਹੀਂ ਪਾਏ ਜਾਂਦੇ ਅਤੇ ਭਾਵ ਇਹ ਕਿ ਲਿਖੱ ਦੇਣ ਕਿ ਅਸੀਂ ਇਹ ਵੀ ਇਕਰਾਰ ਕਰਦੇ ਹਾਂ ਕਿ ਇਸ ਵਿਅਕਤੀ ਅਰਥਾਤ ਇਸ ਨਿਮਾਣੇ ਦੇ ਨਿਸ਼ਾਨਾਂ (ਚਮਤਕਾਰਾਂ) ਨੂੰ ਵੇਖ ਕੇ ਬਿਨ੍ਹਾਂ ਕਿਸੇ ਉਜ਼ਰ ਦੇ ਕੁਬੂਲ ਕਰ ਲੈਣਗੇ ਅਤੇ ਲੋਕਾਂ ਨੂੰ ਕੁਬੂਲ ਕਰਨ ਲਈ ਸਲਾਹ ਵੀ ਦੇਣਗੇ ਅਤੇ ਭਾਵ ਇਹ ਕਿ ਦਾਅਵੇ ਨੂੰ ਵੀ ਸਵੀਕਾਰ ਕਰ ਲੈਣਗੇ ਅਤੇ ਕੁਫ਼ਰ ਅਤੇ ਸ਼ੈਤਾਨੀ ਮਨਸੂਬਿਆਂ ਤੋਂ ਬਾਜ਼ ਆ ਜਾਣਗੇ ਅਤੇ ਇਸ ਨਿਮਾਣੇ ਨੂੰ ਕਾਮਲ ਮੋਮਿਨ ਸਮਝ ਲੈਣਗੇ । ਤਾਂ ਇਸ ਅਵਸਥਾ ਵਿਚੱ ਇਹ

ਨਿਮਾਣਾ ਪ੍ਰਣ ਕਰਦਾ ਹੈ ਕਿ ਜਲਾਲ ਵਾਲੇ ਰਬੱ ਦੀ ਮਿਹਰ ਨਾਲ ਇਕੱ ਪੱਖੀ ਨਿਸ਼ਾਨਾਂ ਦਾ ਪ੍ਰਮਾਣ ਉਹਨਾਂ ਨੂੰ ਦੇ ਦੇਵੇਗਾ ਅਤੇ ਆਸ ਰਖੱਦਾ ਹੈ ਕਿ ਸਰਬ ਕਲਾ ਸਮਰਥ ਕਾਦਰ ਰਬੱ ਇਹਨਾਂ ਨੂੰ ਆਪਣੇ ਨਿਸ਼ਾਨ ਵਿਖਾਏਗਾ ਅਤੇ ਆਪਣੇ ਬੰਦੇ ਦਾ ਸਹਾਈ ਹੋਵੇਗਾ ਅਤੇ ਸੱਚਾਈ ਨਾਲ ਆਪਣੇ ਵਚਨਾਂ ਨੂੰ ਪੂਰਾ ਕਰੇਗਾ। ਪਰ ਜੇਕਰ ਉਹ ਲੋਕ ਇਸ ਪ੍ਰਕਾਰ ਦੀ ਲੇਖਣੀ ਪ੍ਰਕਾਸ਼ਤ ਨ ਕਰਨ ਤਾਂ ਵੀ ਹਰ ਸੂਰਤ ਮੁਕਾਬਲਾ ਹੀ ਬਿਹਤਰ ਹੈ । ਤਾਂ ਜੋ ਉਹਨਾ ਦਾ ਇਹ ਵਿਚਾਰ ਅਤੇ ਇਹ ਹੰਕਾਰ ਕਿ ਅਸੀਂ ਕਾਮਲ ਮੋਮਨ, ਸ਼ੇਖ਼ੁਲੱਕੁਲੱ ਅਤੇ ਸਮੇਂ ਦੇ ਆਗੂ ਹਾਂ । ਭਾਵ ਇਹ ਕਿ ਮੁਲਹਿਮ (ਇਲਹਾਮ ਕਰਨ ਵਾਲੇ) ਅਤੇ ਇਲਾਹੀ ਕਲਾਮ ਨਾਲ ਸਨਮਾਨਤ ਹਨ । ਪਰੰਤੂ ਇਹ ਵਿਅਕਤੀ ਕਾਫ਼ਰ, ਦੱਜਾਲ ਅਤੇ ਕੁੱਤੇ ਤੋਂ ਵੀ ਮਾੜ੍ਹਾ ਹੈ। ਚੰਗੀ ਤਰ੍ਹਾਂ ਤੈਅ ਪਾ ਜਾਏ ਅਤੇ ਇਸ ਮੁਕਾਬਲੇ ਵਿਚੱ ਇਕੱ ਇਹ ਵੀ ਲਾਭ ਹੈ ਕਿ ਜੋ ਫ਼ੈਸਲਾ ਸਾਡੇ ਵੱਲੋਂ ਇਕੱ ਪੱਖੀ ਰੂਪ ਵਿਚੱ ਲੰਮਾ ਸਮਾਂ ਚਾਹੁੰਦਾ ਹੈ । ਉਹ ਮੁਕਾਬਲੇ ਦੀ ਅਵਸਥਾ ਵਿਚੱ ਕੇਵਲ ਥੋੜ੍ਹੇ ਹੀ ਦਿਨਾਂ ਵਿਚੱ ਅੰਜਾਮ ਨੂੰ ਪਹੁੰਚ ਜਾਵੇਗਾ । ਸੋ, ਇਹ ਮੁਕਾਬਲਾ ਇਸ ਵਿਵਾਦਤ ਗਲੱ ਦਾ ਫ਼ੈਸਲਾ ਕਰਨ ਲਈ ਕਿ ਹਕੀਕਤ ਵਿਚੱ ਮੋਮਿਨ ਕੌਣ ਹੈ ਅਤੇ ਕਾਫ਼ਰਾਂ ਦੇ ਚਰਿਤੱਰ ਕੌਣ ਆਪਣੇ ਅੰਦਰ ਰਖੱਦਾ ਹੈ। ਅਤਿਅੰਤ ਸੌਖਾ ਤਰੀਕਾ ਅਤੇ ਨੇੜ੍ਹੇ ਦਾ ਮਾਰਗ ਹੈ। ਇਸ ਨਾਲ ਛੇਤੀ ਹੀ ਝਗੱੜ੍ਹੇ ਦਾ ਖ਼ਾਤਮਾ ਹੋ ਜਾਵੇਗਾ । ਸੰਭਵਤਾ ਕੋਹਾਂ ਦੀ ਦੂਰੀ

ਇਕੱ ਕਦਮ ਉੱਤੇ ਰਹਿ ਜਾਵੇਗੀ ਅਤੇ ਰਬੱ ਦੀ ਗ਼ੈਰਤ ਛੇਤੀ ਪ੍ਰਕਟ ਕਰ ਦੇਵੇਗੀ ਕਿ ਅਸਲ ਸੱਚਾਈ ਕੀ ਹੈ ਅਤੇ ਇਸ ਮੁਕਾਬਲੇ ਦਾ ਇਕੱ ਵੱਡਾ ਲਾਭ ਇਹ ਹੈ ਕਿ ਇਸ ਵਿੱਚ ਦੋਹਾਂ ਪੱਖਾਂ ਨੂੰ ਨੁਕਤਾ ਚੀਨੀ ਕਰਨ ਦੀ ਸੰਭਾਵਨਾ ਨਹੀ ਰਹਿੰਦੀ ਅਤੇ ਨ ਹੀ ਵਿਅਰਥ ਬਹਾਨਿਆਂ ਅਤੇ ਉਜ਼ਰਾਂ ਦੀ ਲੋੜ੍ਹ ਰਹਿੰਦੀ ਹੈ। ਪਰੰਤੂ ਇਕੱ ਪੱਖੀ ਨਿਸ਼ਾਨਾਂ ਵਿੱਚ ਦੁਰਾਚਾਰੀਆਂ ਦੀਆਂ ਅਲੋਚਨਾਵਾਂ ਸਾਧਾਰਣ ਲੋਕਾਂ ਨੂੰ ਧੋਖੇ ਵਿੱਚ ਪਾਉਂਦੀਆਂ ਹਨ। ਇਹ ਵੀ ਜਾਨਣ ਵਾਲੇ ਜਾਣਦੇ ਹਨ ਕਿ ਇਕੱ ਪੱਖੀ ਨਿਸ਼ਾਨ ਬਹੁਤ ਸਾਰੇ ਅਜੱ ਤੋਂ ਪਹਿਲਾਂ ਇਸ ਨਿਮਾਣੇ ਰਾਹੀਂ ਪ੍ਰਕਟ ਹੋ ਚੁੱਕੇ ਹਨ। ਜਿੰਨ੍ਹਾ ਨੂੰ ਵੇਖਣ ਵਾਲੇ ਜੀਊਂਦੇ ਮੌਜੂਦ ਹਨ। ਪਰ ਕੀ ਇਹ ਮੌਲਵੀ ਇਹਨਾ ਸਬੂਤਾਂ ਨੂੰ ਪੈਸ਼ ਕਰਨ ਦੇ ਬਾਦ ਕੁਬੂਲ ਕਰ ਲੈਣਗੇ। ਉੱਕਾ ਹੀ ਨਹੀਂ। ਅਤੇ ਇਹ ਵੀ ਚੇਤੇ ਰਹੇ ਕਿ ਇਹ ਸਾਰੇ ਕਥਨ ਅਤੇ ਇਹ ਤਰੀਕਾ ਜੋ ਧਾਰਨ ਕੀਤਾ ਗਿਆ ਹੈ। ਇਹ ਕੇਵਲ ਉਹਨਾਂ ਇਨਕਾਰੀਆਂ ਦਾ ਛੇਤੀ ਫ਼ੈਸਲਾ ਕਰਨ ਦੇ ਨਿਸ਼ਚੇ ਨਾਲ ਅਤੇ ਬੌਧਿਕਤਾ ਅਤੇ ਸਮਝਦਾਰੀ ਦੇ ਵਿਚਾਰ ਨਾਲ ਅਤੇ ਫ਼ੈਸਲੇ ਨੂੰ ਪੂਰਾ ਕਰਨ ਦੀ ਭਾਵਨਾ ਨਾਲ ਅਤੇ ਸੱਚਾਈ ਦਾ ਪੂਰਾ ਜਲਵਾ ਵਿਖਾਉਣ ਦੀ ਨਿਯਤ ਨਾਲ ਅਤੇ ਇਸ ਸੰਦੇਸ਼ ਨੂੰ ਪਹੁੰਚਾਉਣ ਲਈ ਜੋ ਇਸ ਨਿਮਾਣੇ ਨੂੰ ਰਬੱ ਵੱਲੋਂ ਦਿੱਤਾ ਗਿਆ ਹੈ। ਨਹੀਂ ਤਾਂ ਨਿਸ਼ਾਨਾਂ (ਚਮਤਕਾਰਾਂ) ਦਾ ਜ਼ਾਹਰ ਹੋਣਾ ਇਹਨਾ ਦੇ ਮੁਕਾਬਲੇ ਉੱਤੇ ਨਿਰਭਰ ਨਹੀਂ। ਨਿਸ਼ਾਨਾ ਦੀ ਲੜ੍ਹੀ ਤਾਂ

ਆਰੰਭ ਤੋਂ ਜਾਰੀ ਹੈ ਅਤੇ ਹਰ ਇਕੱ ਸੰਗਤ ਵਿਚੱ ਰਹਿਣ ਵਾਲਾ ਇਸ ਸ਼ਰਤ ਨਾਲ ਕਿ ਸੱਚਾਈ ਅਤੇ ਦ੍ਰਿੜ੍ਹਤਾ ਨਾਲ ਰਹੇ ਤਾਂ ਕੁਝੱ ਨ ਕੁਝੱ ਵੇਖ ਸਕਦਾ ਹੈ ਅਤੇ ਭਵਿਖੱ ਵਿਚੱ ਵੀ ਰਬੱ ਇਸ ਜਮਾਅਤ ਨੂੰ ਨਿਸ਼ਾਨ ਰਹਿਤ ਨਹੀਂ ਛੱਡੇਗਾ ਅਤੇ ਨ ਹੀ ਆਪਣੀ ਪਖੱਤਾ ਤੋਂ ਮੁਕਤ ਕਰੇਗਾ। ਸਗੋਂ ਜਿਵੇਂ ਕਿ ਉਸ ਦੇ ਪਾਕ ਵਚਨ ਹਨ। ਉਹ ਜ਼ਰੂਰ ਆਪਣੇ ਸਮਿਆਂ ਉੱਤੇ ਤਾਜ਼ਾ ਨਿਸ਼ਾਨ ਵਿਖਾਉਂਦਾ ਰਹੇਗਾ। ਜਦੱ ਤਕੱ ਕਿ ਉਹ ਆਪਣੀ ਹੁਜੱਤ (ਦਲੀਲਾਂ) ਪੂਰੀਆਂ ਕਰ ਲਏ ਅਤੇ ਗੰਦੇ ਅਤੇ ਪਾਕ ਵਿਚੱ ਅੰਤਰ ਕਰਕੇ ਨ ਵਿਖਾ ਦੇਵੇ। ਉਸ ਨੇ ਆਪ ਆਪਣੇ ਕਲਾਮ ਰਾਹੀਂ ਇਸ ਨਿਮਾਣੇ ਬਾਰੇ ਫ਼ਰਮਾਇਆ ਕਿ ਸੰਸਾਰ ਵਿਚੱ ਇਕੱ ਨਜ਼ੀਰ (ਡਰਾਉਣ ਵਾਲਾ, ਹੁਸ਼ਿਆਰ ਕਰਨ ਵਾਲਾ) ਆਇਆ। ਪਰ ਸੰਸਾਰ ਨੇ ਉਸ ਨੂੰ ਕਬੂਲ ਨਹੀਂ ਕੀਤਾ। ਪਰ ਰਬੱ ਉਸ ਨੂੰ ਕਬੂਲ ਕਰੇਗਾ ਅਤੇ ਪੂਰੇ ਜ਼ੋਰਦਾਰ ਹਮਲਿਆਂ ਨਾਲ ਉਸ ਦੀ ਸੱਚਾਈ ਜ਼ਾਹਰ ਕਰ ਦੇਵੇਗਾ ਅਤੇ ਮੈਂ ਕਦੇ ਵੀ ਉਮੀਦ ਨਹੀਂ ਕਰ ਸਕਦਾ ਕਿ ਉਹ ਹਮਲਾ ਹੋਣ ਤੋਂ ਬਿਨ੍ਹਾਂ ਰਹਿਣਗੇ ਬੇਸ਼ਕੱ ਉਹਨਾਂ ਦਾ ਪ੍ਰਕਟ ਹੋਣਾ ਮੇਰੇ ਅਧਿਕਾਰ ਵਿਚੱ ਨਹੀਂ। ਮੈਂ ਆਪ ਲੋਕਾਂ ਨੂੰ ਵਿਸ਼ਵਾਸ਼ ਦੁਆਉਂਦਾ ਹਾਂ ਕਿ ਮੈਂ ਸੱਚਾ ਹਾਂ। ਪਿਆਰਿਓਂ! ਯਕੀਨ ਜਾਣੋ ਕਿ ਜਦੱ ਤਕੱ ਆਕਾਸ਼ ਦਾ ਰਬੱ ਕਿਸੇ ਦੇ ਨਾਲ ਨ ਹੋਵੇ। ਅਜਿਹੀ ਦਲੇਰੀ ਕਦੇ ਨਹੀਂ ਵਿਖਾਉਂਦਾ ਕਿ ਇਕੱ ਦੁਨੀਆ ਦੇ ਮੁਕਾਬਲੇ ਲਈ ਧੜੱਲੇ ਨਾਲ ਖੜਾ ਹੋ ਜਾਵੇ ਅਤੇ

ਉਹਨਾਂ ਗੱਲਾਂ ਦਾ ਦਾਅਵਾ ਕਰੇ। ਜੋ ਅਧਿਕਾਰ ਤੋਂ ਬਾਹਰ ਹਨ। ਜੋ ਵਿਅਕਤੀ ਦਲੇਰੀ ਅਤੇ ਧੜੱਲੇ ਨਾਲ ਇਕੱ ਦੁਨੀਆ ਦੇ ਸਾਮ੍ਹਣੇ ਖੜਾ ਹੋ ਜਾਂਦਾ ਹੈ। ਕੀ ਉਹ ਆਪਣੇ ਆਪ ਖੜਾ ਹੋ ਸਕਦਾ ਹੈ ? ਕਦੇ ਨਹੀਂ ਸਗੋਂ ਉਹ ਉਸ ਕਾਦਰ ਦੀ ਪਨਾਹ ਨਾਲ ਇਕੱ ਗ਼ੈਬੀ ਹਥੱ ਦੇ ਸਹਾਰੇ ਖੜਾ ਹੁੰਦਾ ਹੈ। ਜਿਸ ਦੇ ਕਬਜ਼ੇ ਕੁਦਰਤ ਵਿਚੱ ਸਾਰੀ ਧਰਤੀ, ਆਕਾਸ਼ ਅਤੇ ਹਰ ਇਕੱ ਰੂਹ (ਆਤਮਾ) ਅਤੇ ਸ਼ਰੀਰ ਹੈ। ਸੋ, ਅੱਖਾਂ ਖੋਲੋ ਅਤੇ ਸਮਝੋ ਕਿ ਉਸ ਰਬੱ ਨੇ ਮੈਨੂੰ ਨਿਮਾਣੇ ਨੂੰ ਇਹ ਬਲ ਅਤੇ ਦਲੇਰੀ ਪ੍ਰਦਾਨ ਕੀਤੀ ਹੈ। ਜਿਸ ਦੇ ਕਲਾਮ ਰਾਹੀਂ ਮੈਂਨੂੰ ਸਨਮਾਨ ਹਾਸਲ ਹੈ। ਉਸੇ ਵੱਲੋਂ ਅਤੇ ਉਸੇ ਦੇ ਖੁੱਲ੍ਹੇ ਖੁੱਲ੍ਹੇ ਫ਼ਰਮਾਨਾ ਨੇ ਮੈਨੂੰ ਇਹ ਜੁਰੱਤ ਪ੍ਰਦਾਨ ਕੀਤੀ ਕਿ ਮੈਂ ਉਹਨਾਂ ਲੋਕਾਂ ਦੇ ਮੁਕਾਬਲੇ ਲਈ ਵੱਡੀ ਦਲੇਰੀ ਨਾਲ ਮਨ ਦੇ ਧੜੱਲੇ ਨਾਲ ਖੜ੍ਹਾ ਹੋ ਗਿਆ। ਜਿੰਨ੍ਹਾਂ ਦਾ ਦਾਅਵਾ ਇਹ ਹੈ ਕਿ ਅਸੀਂ ਆਗੂ, ਸ਼ੇਖ਼ੁਲ ਅਰਬ ਵਲੱ੍ਹ ਅਜਮ (ਅਰਥਾਤ ਸਾਰੀ ਦੁਨੀਆਂ ਦੇ ਪਥੱ ਪ੍ਰਦਰਸ਼ਕ) ਅਤੇ ਰਬੱ ਦੀ ਨੇੜ੍ਹਤਾ ਪਾਉਣ ਵਾਲੇ ਹਾਂ। ਜਿੰਨ੍ਹਾਂ ਵਿਚੱ ਉਹ ਜਮਾਅਤ ਵੀ ਸ਼ਾਮਿਲ ਹੈ। ਜੋ ਮੁਲਹਿਮ (ਇਲਹਾਮ ਪਾਉਣ ਵਾਲੀ) ਅਖਵਾਉਂਦੀ ਹੈ ਅਤੇ ਇਲਾਹੀ ਕਲਾਮ ਦਾ ਦਾਅਵਾ ਕਰਦੀ ਹੈ ਅਤੇ ਆਪਣੇ ਭਰਮ ਵਿਚੱ ਇਲਹਾਮੀ ਤੌਰ ਉੱਤੇ ਮੈਨੂੰ ਕਾਫ਼ਰ ਅਤੇ ਨਰਕ ਵਾਸੀ ਠਹਿਰਾ ਚੁੱਕੇ ਹਨ। ਸੋ, ਮੈਂ ਇਹਨਾਂ ਸਾਰਿਆਂ ਦੇ ਮੁਕਾਬਲੇ ਵਿਚੱ ਰਬੱ ਦੇ ਹੁਕਮ ਨਾਲ ਮੈਦਾਨ ਵਿਚੱ ਆਇਆ ਹਾਂ। ਤਾਂ ਜੋ ਰਬੱ ਸੱਚੇ

ਅਤੇ ਝੂੱਠੇ ਵਿਚੱ ਫ਼ਰਕ ਕਰਕੇ ਵਿਖਾ ਦੇਵੇ ਅਤੇ ਉਸ ਦਾ ਰਬੱ ਝੂੱਠੇ ਨੂੰ ਪਤਾਲ ਤਕੱ ਪਹੁੰਚਾ ਦੇਵੇ ਅਤੇ ਉਸ ਵਿਅਕਤੀ ਦੀ ਸਹਾਇਤਾ ਅਤੇ ਪਖੱ ਕਰੇ। ਜਿਸ ਉੱਤੇ ਉਸ ਦੀ ਮਿਹਰ ਅਤੇ ਕਿਰਪਾ ਹੈ। ਸੋ, ਭਰਾਵੋਂ ! ਵੇਖੋ ਕਿ ਇਹ ਸੱਦਾ ਜਿਸ ਵਲੱੁ ਮੈਂ ਮੀਆਂ ਨਜ਼ੀਰ ਹੁਸੈਨ ਸਾਹਿਬ ਅਤੇ ਉਹਨਾਂ ਦੀ ਜਮਾਅਤ ਨੂੰ ਬੁਲਾਉਂਦਾ ਹਾਂ। ਇਹ ਵਾਸਤਵ ਵਿੱਚ ਮੇਰੇ ਅਤੇ ਉਹਨਾਂ ਵਿੱਚ ਪ੍ਰਤਖ ਫ਼ੈਸਲਾ ਕਰਨ ਵਾਲਾ ਤਰੀਕਾ ਹੈ। ਸੋ, ਮੈਂ ਇਸ ਮਾਰਗ ਉੱਤੇ ਖੜ੍ਹਾ ਹਾਂ। ਹੁਣ ਜੇਕਰ ਉਹਨਾਂ ਦੇ ਮੌਲਵੀਆਂ ਦੀ ਦ੍ਰਿਸ਼ਟੀ ਵਿੱਚ ਮੈਂ ਅਜਿਹਾ ਹੀ ਕਾਫ਼ਰ, ਦੱਜਾਲ, ਮੁਫ਼ਤਰੀ (ਫ਼ਰੇਬੀ) ਅਤੇ ਸ਼ੈਤਾਨ ਦਾ ਮਾਰਿਆ ਹਾਂ ਤਾਂ ਮੇਰੇ ਮੁਕਾਬਲੇ ਲਈ ਦੇਰੀ ਨਹੀਂ ਕਰਨੀ ਚਾਹੀਦੀ। ਕੀ ਉਹਨਾਂ ਨੇ ਕੁਰਆਨੇ ਕਰੀਮ ਵਿੱਚ ਨਹੀਂ ਪੜ੍ਹਿੱਆ ਕਿ ਅਜਿਹੇ ਮੁਕਾਬਲਿਆਂ ਵਿਚੱ ਰਬੱ ਦੀ ਸਹਾਇਤਾ ਮੋਮਿਨਾ ਨਾਲ ਹੁੰਦੀ ਹੈ। ਉਹ ਜਲਾਲ ਵਾਲਾ ਰਬੱ ਕੁਰਆਨੇ ਕਰੀਮ ਵਿੱਚ ਫ਼ਰਮਾਉਂਦਾ ਹੈ وَلَا تَهِنُوا وَلَا تَحْزَنُوا وَأَنتُمُ الْأَعْلَوْنَ إِن كُنتُم مُّؤْمِنِينَ 'ਵਲਾ ਤਹਿਨੂੰ ਵਲਾ ਤਹਜ਼ਨੂ ਵ ਅੰਤੁਮੂਲ ਆਲੋਨਾ ਇਨ ਕੁਨਤੁਮ ਮੋਮਿਨੀਨ" (ਸੂਰਤ ਆਲਿ ਇਮਰਾਨ 140) ਅਰਥਾਤ ਹੇ ਮੋਮਿਨੋ ਮੁਕਾਬਲੇ ਲਈ ਹਿੰਮਤ ਨ ਹਾਰੋ ਅਤੇ ਕੋਈ ਸੰਦੇਹ ਨ ਕਰੋ। ਅੰਤ ਤੁਹਾਡੀ ਹੀ ਜਿਤੱ ਹੈ। ਜੇਕਰ ਤੁਸੀਂ ਵਾਸਤਵ ਵਿੱਚ ਮੋਮਿਨ ਹੋ। ਅਤੇ ਫ਼ਰਮਾਉਂਦਾ ਹੈ ਕਿ وَلَن يَجْعَلَ اللَّهُ لِلْكَافِرِينَ عَلَى الْمُؤْمِنِينَ سَبِيلًا ਵਲੰਯ ਯਜਅਲੱਲਾਹੋ ਲਿਲ

ਕਾਫ਼ਿਰੀਨਾ ਅਲਲ ਮੋਮਿਨੀਨਾ ਸਬੀਲਾ, (ਸੂਰਤ ਨਿਸਾ ਆਇਤ 142) ਅਰਥਾਤ ਰਬੱ ਉੱਕਾ ਹੀ ਕਾਫ਼ਰਾਂ ਨੂੰ ਮੋਮਿਨਾਂ ਉੱਤੇ ਮਾਰਗ ਨਹੀਂ ਦੇਵੇਗਾ। ਸੋ, ਵੇਖੋ ਰਬੱ ਨੇ ਕੁਰਆਨੇ ਕਰੀਮ ਵਿਚੱ ਮੁਕਾਬਲੇ ਸਮੇਂ ਮੋਮਿਨਾਂ ਨੂੰ ਫ਼ਤਹਿ ਦੀ ਖ਼ੁਸਖ਼ਬਰੀ ਦੇ ਰੱਖੀ ਹੈ ਅਤੇ ਆਪ ਹੀ ਜ਼ਾਹਰ ਹੈ ਕਿ ਰਬੱ ਮੋਮਿਨ ਦੀ ਹੀ ਹਾਮੀ ਭਰਦਾ ਹੈ ਅਤੇ ਸਹਾਇਕ ਹੁੰਦਾ ਹੈ। ਫ਼ਰੇਬੀ ਅਤੇ ਝੂੱਠੇ ਦਾ ਸਹਾਇਕ ਉੱਕਾ ਹੀ ਨਹੀਂ ਹੋ ਸਕਦਾ। ਸੋ, ਜਿਸ ਦਾ ਰਬੱ ਆਪ ਦੁਸ਼ਮਨ ਹੋਵੇ ਅਤੇ ਜਾਣਦਾ ਹੈ ਕਿ ਉਹ ਫ਼ਰੇਬੀ ਹੈ। ਅਜਿਹਾ ਅਯੋਗ ਵਿਅਕਤੀ ਮੋਮਿਨ ਦੇ ਮੁਕਾਬਲੇ ਉੱਤੇ ਇਮਾਨ ਦੀਆਂ ਵਿਸ਼ੇਸ਼ ਸਨਮਾਨਤ ਲਛੱਣਾ ਦਾ ਚੋਗਾ ਕਿਵੇਂ ਪਾ ਸਕਦਾ ਹੈ। ਭਲਾ ਇਹ ਕਿਉਂ ਹੋਵੇ ਕਿ ਜੋ ਰਬੱ ਦੇ ਪਿਆਰੇ ਮਿਤੱਰ ਅਤੇ ਸੱਚੇ ਇਲਹਾਮਾ ਦੇ ਵਾਰਸ ਭਾਵ ਕਾਮਲ ਮੋਮਿਨ ਅਤੇ ਸ਼ੇਖ਼ੁਲੱ ਕੁਲੱੁ ਹੋਣ। ਉਹ ਤਾਂ ਮੁਕਾਬਲੇ ਸਮੇਂ ਇਮਾਨ ਦੇ ਨਿਸ਼ਾਨਾਂ ਤੋਂ ਵਾਂਝੇ ਰਹਿ ਜਾਣ ਅਤੇ ਅਤਿਅੰਤ ਨਿਰਾਦਰੀ ਨਾਲ ਉਹਨਾਂ ਦਾ ਅਪਮਾਨ ਹੋਵੇ ਅਤੇ ਜਾਣ ਬੁਝੱ ਕੇ ਰਬੱ ਉਹਨਾਂ ਦੀ ਵਡਿੱਆਈ ਅਤੇ ਨੇਕ ਨਾਮੀ ਨੂੰ ਦੁਖੱ ਪਹੁੰਚਾਏ, ਪਰੰਤੂ ਜੋ ਇਲਾਹੀ ਦਰਗਾਹ ਵਿੱਚੋਂ ਧਿਕਾਰਿਆ ਅਤੇ ਸ਼ੇਖ਼ ਬਟਾਲਵੀ ਦੇ ਕਥਨਾਂ ਅਨੁਸਾਰ ਕੁਤਿੱਆਂ ਵਾਂਗ, ਕਾਫ਼ਰ ਅਤੇ ਦੱਜਾਲ ਅਤੇ ਨਜ਼ੀਰ ਹੁਸੈਨ ਦੇ ਕਥਨਾ ਅਨੁਸਾਰ ਪੂਰਨਤਾ ਇਮਾਨ ਤੋਂ ਸੱਖਣਾ, ਬੇ-ਨਸੀਬਾ, ਮੁਲਹਿਦ ਅਤੇ ਹਰ ਇਕੱ ਜੀਵ ਤੋਂ ਮਾੜਾ ਹੋਵੇ। ਉਸ ਵਿੱਚ ਇਮਾਨ

ਦੇ ਨਿਸ਼ਾਨ ਪਾਏ ਜਾਣ ਅਤੇ ਰਬੱ ਵੀ ਮੁਕਾਬਲੇ ਵਿੱਚ ਉਸੇ ਨੂੰ ਜੇਤੂ ਅਤੇ ਸਫ਼ਲ ਕਰੇ। ਅਜਿਹਾ ਹੋਣਾ ਤਾਂ ਉੱਕਾ ਹੀ ਸੰਭਵ ਨਹੀਂ। ਸਰੋਤਿਓਂ ! ਤੁਸੀਂ ਆਪ ਨਿਆਏ ਨਾਲ ਦੱਸੋ ਕਿ ਕੀ ਆਕਾਸ਼ੀ ਅਤੇ ਆਤਮਿਕ ਪਖੱਤਾ ਮੋਮਿਨਾਂ ਲਈ ਹੁੰਦੀ ਹੈ ਜਾਂ ਕਾਫ਼ਰਾਂ ਲਈ ? ਇਸ ਸਾਰੇ ਭਾਸ਼ਣ ਵਿੱਚ ਮੈਂ ਸਿਧੱ ਕਰ ਦਿੱਤਾ ਹੈ ਕਿ ਸੱਚਾਈ ਅਤੇ ਝੂਠੱ ਵਿਚੱ ਖੁਲ੍ਹੱਮ ਖੁੱਲ੍ਹਾ ਅੰਤਰ ਜ਼ਾਹਰ ਕਰਨ ਲਈ ਮੁਕਾਬਲੇ ਦੀ ਅਤਿਅੰਤ ਲੋੜ੍ਹ ਹੈ। ਤਾਂ ਕਿ تا سیہ روئے شود ہر کہ درو غش باشد[1] ਜਦੱ ਵੀ ਬੋਲਦੇ ਹਨ, ਝੂਠੱ ਬੋਲਦੇ ਹਨ। ਮੈਂ ਹਜ਼ਰਤੇ ਸ਼ੇਖ਼ੂਲ ਕੁਲ੍ਹੱ ਸਾਹਿਬ ਅਤੇ ਉਹਨਾ ਦੇ ਚੇਲਿਆਂ ਦੀਆਂ ਗੁਸਤਾਖ਼ੀਆਂ ਉੱਤੇ ਬਹੁਤ ਸਬਰ ਕੀਤਾ ਅਤੇ ਸਤਾਇਆ ਗਿਆ ਅਤੇ ਆਪ ਰੋਕਦਾ ਰਿਹਾ। ਹੁਣ ਮੈਂ ਮਾਮੂਰ (ਰਬੱ ਵੱਲੋਂ ਸੁਧਾਰਕ ਨਿਯੁੱਕਤ) ਹੋਣ ਦੇ ਸਬਬ ਇਸ ਇਲਾਹੀ ਸੱਦੇ ਵਲ੍ਹੱ ਸ਼ੇਖ਼ੁਲ ਕੁਲ੍ਹੱ ਸਾਹਿਬ ਅਤੇ ਉਹਨਾ ਦੀ ਜਮਾਅਤ ਨੂੰ ਬੁਲਾਉਂਦਾ ਹਾਂ ਅਤੇ ਵਿਸ਼ਵਾਸ ਰਖੱਦਾ ਹਾਂ ਕਿ ਰਬੱ ਇਸ ਵਿਵਾਦ ਦਾ ਆਪ ਫ਼ੈਸਲਾ ਕਰ ਦੇਵੇਗਾ। ਉਹ ਦਿਲਾਂ ਦੇ ਵਿਚਾਰਾਂ ਤਕੱ ਜਾ ਪਹੁੰਚਦਾ ਹੈ ਅਤੇ ਸੀਨੇ ਦੀਆਂ ਹਾਲਤਾਂ ਨੂੰ ਪਰਖਦਾ ਹੈ ਅਤੇ ਕਿਸੇ ਦੇ ਦਿਲ੍ਹ ਦੁਖਾਉਣ ਦੀ ਵਧੀਕੀ ਅਤੇ ਖ਼ੁਲ੍ਹੱਮ ਖੁੱਲ੍ਹੇ ਪਾਪ ਨੂੰ ਪਸੰਦ ਨਹੀਂ ਕਰਦਾ ਅਤੇ ਉਹ ਬੇਪਰਵਾਹ ਹੈ। ਸੰਜਮੀ ਉਹੀ ਹੈ ਜੋ ਉਸ ਤੋਂ ਡਰੇ ਅਤੇ ਇਸ ਵਿਚੱ ਮੇਰੀ ਸ਼ਾਨ ਵਿਚੱ ਕੀ ਕਮੀ, ਜੇਕਰ ਕੋਈ

---

[1] ਜਿਸ ਦਾ ਝੂਠੱ ਸਾਬਤ ਹੋ ਜਾਵੇ। ਉਸ ਦਾ ਮੂੰਹ ਕਾਲਾ ਹੋਵੇ। (ਅਨੁਵਾਦਕ)

ਮੈਨੂੰ ਕੁੱਤਾ ਕਹੇ ਅਤੇ ਕਾਫ਼ਰ ਅਤੇ ਦੱਜਾਲ ਕਰਕੇ ਪੁਕਾਰੇ। ਅਸਲ ਵਿਚੱ ਵਾਸਤਵਿਕ ਰੂਪ ਵਿਚੱ ਮਨੁਖੱ ਦਾ ਕੀ ਸਨਮਾਨ ਹੈ। ਕੇਵਲ ਉਸ ਦੇ ਨੂਰ ਦੇ ਪ੍ਰਤੀਬਿੰਬ ਪੈਣ ਕਰਕੇ ਸਨਮਾਨ ਪ੍ਰਾਪਤ ਹੁੰਦਾ ਹੈ। ਜੇਕਰ ਉਹ ਮੇਰੇ ਉਪੱਰ ਰਾਜ਼ੀ ਨਹੀਂ ਅਤੇ ਮੈਂ ਉਸ ਦੀ ਨਜ਼ਰ ਵਿਚੱ ਬੁਰਾ ਹਾਂ ਤਾਂ ਫ਼ਿਰ ਕੁੱਤੇ ਵਾਂਗ ਕੀ ਹਜ਼ਾਰ ਕੁਤਿੱਆਂ ਤੋਂ ਵੀ ਵਧੱ ਭੈੜ੍ਹਾ ਹਾਂ :

| | |
|---|---|
| ਗਰ ਖ਼ੁਦਾ ਅਜ਼ ਬੰਦਾਏ ਖ਼ੁਸ਼ਨੂਦ ਨੇਸਤ | ਹੇਚ ਹੈਵਾਨੇ ਚੂ ਊ ਮੁਰਦੂਦ ਨੇਸਤ |
| ਗਰ ਸਗੇ ਨਫ਼ਸੇ ਦਨੀ ਰਾ ਪਰਵਰੀਮ | ਅਜ਼ ਸਗਾਨੇ ਕੂਚਾਹਾ ਹਮ ਕਮ ਤਰੀਮ |
| ਐ ਖ਼ੁਦਾ ਐ ਤਾਲਬਾਨੇ ਰਾ ਰਾਹਨੁਮਾ | ਇਕਿਹ ਮਹਰੇ ਤੂ ਹਯਾਤੇ ਰੂਹੇ ਮਾ |
| ਬਰ ਰਜ਼ਾਏ ਖ਼ਵੀਸ਼ ਕੁਨ ਅੰਜਾਮ ਮਾ | ਤਾ ਬਰਾਇਦ ਦਰ ਦੋ ਆਲਮ ਕਾਮ ਮਾ |
| ਖ਼ਲਕੋ ਆਲਮ ਜੁਮਲਾ ਦਰ ਸ਼ੋਰ-ਓ-ਸ਼ਰਾਂਦ | ਤਾਲਬਾਨਤ ਦਰ ਮੁਕਾਮੇ ਦੀਗਰ ਅੰਦ |
| ਆਨ ਯਕੇ ਰਾ ਨੂਰ ਮੈ ਬਖ਼ਸ਼ੀ ਬਦਲ | ਵਾਂ ਦਿਗਰ ਰਾ ਮੀ ਗੁਜ਼ਾਰੀ ਪਾ ਬਗੁਲ |
| ਚਸ਼ਮ-ਓ-ਗੋਸ਼-ਓ-ਦਿਲ ਜ਼ ਤੋਗੀਰੋ ਜ਼ਯਾ | ਜ਼ਾਤੇ ਤੂ ਸਰ ਚਸ਼ਮਾਏ ਫ਼ੈਜ਼ ਦੋਹਦ[1] |

[1] ਜੇਕਰ ਰਬੱ ਭਕਤ ਤੋਂ ਖ਼ੁਸ਼ ਨਹੀਂ ਹੈ ਤਾਂ ਉਸ ਵਰਗਾ ਕੋਈ ਹੋਰ ਮਾੜ੍ਹਾ ਜਾਨਵਰ ਵੀ ਨਹੀਂ ਹੈ। ਜੇਕਰ ਅਸੀਂ ਆਪਣੀ ਨੀਚ ਇੱਛਾਵਾਂ ਨੂੰ ਪੂਰਾ ਕਰਨ ਵਿਚੱ ਲੱਗੇ ਰਹਿਣ ਤਾਂ ਅਸੀਂ ਗਲ੍ਹੀ ਦੇ ਕੁਤਿੱਆਂ ਤੋਂ ਵੀ ਮਾੜ੍ਹੇ ਹਨ। ਹੇ ਰੱਬਾ ! ਹੇ ਭਗਤਾਂ ਦੇ ਮਾਰਗ ਦਰਸ਼ਕ ! ਤੇਰਾ ਪਿਆਰ ਸਾਡੇ ਜੀਵਨ ਦੀ ਰੂਹ ਹੈ। ਤੂੰ ਸਾਡਾ ਅੰਤ ਆਪਣੀ ਖ਼ੁਸ਼ੀ ਉੱਤੇ ਕਰ ਤਾਂ ਕਿ ਦੋਵੇਂ ਸੰਸਾਰਾਂ ਵਿਚੱ ਸਾਡੀ ਮੁਰਾਦ ਪੂਰੀ ਹੋਵੇ। ਸੰਸਾਰ ਅਤੇ ਉਸ ਦੇ ਲੋਕ ਝਗੱੜ੍ਹਿਆ ਅਤੇ ਰੌਲ੍ਹੇ-ਰੱਪੇ ਵਿਚੱ ਪਏ ਹੋਏ ਹਨ ਪਰ ਤੇਰੇ ਚਾਹੁੰਣ ਵਾਲੇ ਕਿਸੇ ਹੋਰ ਸਥਾਨ ਉੱਤੇ ਹਨ। ਉਨ੍ਹਾਂ ਵਿਚੋਂ ਇਕੱ ਦੇ ਦਿਲ੍ਹ ਨੂੰ ਤੂੰ ਪ੍ਰਕਾਸ਼ ਬਖ਼ਸ਼ਦਾ ਹੈ ਅਤੇ ਦੂਜੇ ਨੂੰ ਚਿਕੱੜ੍ਹ ਵਿਚੱ ਗਿਰਸਿਆ ਛਡੱ ਦਿੰਦਾ ਹੈ। ਅਖੱ, ਕੰਨ ਅਤੇ ਦਿਲ੍ਹ ਤੇਰੇ ਕੋਲ੍ਹੋਂ ਹੀ ਪ੍ਰਕਾਸ਼ ਪ੍ਰਾਪਤ ਕਰਦੇ ਹਨ, ਤੇਰੀ ਹਸਤੀ ਹਦਾਯਤ ਅਤੇ ਭਲਾਈਆਂ ਦਾ ਮੁਖੱ ਸਾਧਕ ਹੈ। ਇਹ ਅਨੁਵਾਦ ਲੇਖਕ ਵਲ੍ਹੋਂ ਹੀ ਕੀਤਾ ਗਿਆ ਹੈ। (ਅਨੁਵਾਦਕ)

ਭਾਵ ਕਾਦਰ, ਸਰਬ ਸ਼ਕਤੀਮਾਨ ਅਤੇ ਪਵਿੱਤਰ ਰਬੱ ਮੇਰੀ ਪਨਾਹ ਹੈ ਅਤੇ ਮੈਂ ਸਾਰੇ ਕੰਮ ਉਸੇ ਨੂੰ ਸੌਂਪ ਦਿੱਤੇ ਹਨ ਅਤੇ ਗਾਲ੍ਹਾਂ ਦੇ ਬਦਲੇ ਗਾਲ੍ਹਾਂ ਨਹੀਂ ਦੇਣਾ ਚਾਹੁੰਦਾ ਅਤੇ ਨ ਹੀ ਕੁਝੱ ਆਖਣਾ ਚਾਹੁੰਦਾ ਹਾਂ। ਇਕੱ ਹੀ ਦੁਖੱ ਦੀ ਗਲੱ੍ਹ ਕਹਾਂਗਾ ਕਿ ਲੋਕਾਂ ਨੇ ਨਿੱਕੀ ਜਿਹੀ ਗਲੱ੍ਹ ਨੂੰ ਬਹੁਤ ਦੂਰ ਸੁਟੱ ਦਿੱਤਾ ਅਤੇ ਰਬੱ ਨੂੰ ਇਸ ਗਲੱ੍ਹ ਉੱਤੇ ਕਾਦਰ ਨਹੀਂ ਸਮਝਿਆ ਕਿ ਜੋ ਚਾਹੇ ਕਰੇ ਅਤੇ ਜਿਸ ਨੂੰ ਚਾਹੇ ਮਾਮੂਰ ਕਰਕੇ (ਸੁਧਾਰਕ ਬਣਾਕੇ) ਭੇਜੇ। ਕੀ ਮਨੁਖੱ ਉਸ ਨਾਲ ਲੜ੍ਹ ਸਕਦਾ ਹੈ ਜਾਂ ਆਦਮ ਦੇ ਜਾਏ (ਮਨੁਖੱ) ਨੂੰ ਇਸ ਦਾ ਖੰਡਨ ਕਰਨ ਦਾ ਅਧਿਕਾਰ ਹੈ ਕਿ ਤੂੰ ਅਜਿਹਾ ਕਿਉਂ ਕੀਤਾ ਅਤੇ ਅਜਿਹਾ ਕਿਉਂ ਨਹੀਂ ਕੀਤਾ। ਕੀ ਉਹ ਇਸ ਗਲੱ੍ਹ ਉੱਤੇ ਕਾਦਰ ਨਹੀਂ ਕਿ ਇਕੱ ਦੀ ਤਾਕਤ ਅਤੇ ਸੁਭਾਉ ਦੂਜੇ ਨੂੰ ਪ੍ਰਦਾਨ ਕਰੇ ਅਤੇ ਇਕੱ ਦਾ ਰੰਗ ਅਤੇ ਸੁਭਾਉ ਦੂਜੇ ਵਿਚੱ ਰੱਖੇ ਅਤੇ ਇਕੱ ਦੇ ਨਾਂ ਨਾਲ ਦੂਜੇ ਨੂੰ ਮਨੋਨੀਤ ਕਰੇ। ਜੇਕਰ ਮਨੁਖੱ ਨੂੰ ਰਬੱ ਦੀ ਵਿਸ਼ਾਲ ਸਮਰਥਾ ਉੱਤੇ ਆਸਥਾ ਹੋਵੇ ਤਾਂ ਉਹ ਬਿਨਾਂ ਦੇਰੀ ਕੀਤੀਆਂ ਉਹਨਾਂ ਗੱਲ੍ਹਾਂ ਦਾ ਇਹੋ ਉਤੱਰ ਦੇਵੇਗਾ ਕਿ ਹਾਂ, ਨਿਰਸੰਦੇਹ ਰਬੱ ਹਰ ਇਕੱ ਗਲੱ੍ਹ ਉੱਤੇ ਸਰਬ ਕਲਾ ਸਮਰਥ ਹੈ ਅਤੇ ਆਪਣੀਆਂ ਗੱਲ੍ਹਾਂ ਅਤੇ ਭਵਿਖੱਬਾਣੀਆਂ ਨੂੰ ਜਿਵੇਂ ਚਾਹੇ, ਜਿਸ ਢੰਗ ਨਾਲ ਚਾਹੇ ਪੂਰਾ ਕਰ ਸਕਦਾ ਹੈ। ਸਰੋਤਿਓਂ ! ਤੁਸੀਂ ਆਪ ਹੀ ਸੋਚ ਕੇ ਵੇਖੋ ਕਿ ਕੀ ਆਉਣ ਵਾਲੇ ਈਸਾ ਬਾਰੇ ਕਿਸੇ ਥਾਂ ਇਹ ਵੀ ਲਿਖਿੱਆ ਸੀ ਕਿ ਉਹ ਵਾਸਤਵ ਵਿਚੱ ਉਹੀ ਬਨੀ ਇਸਰਾਈਲੀ

ਨਾਸਰੀ (ਇਸਾਈ) ਸਾਹਿਬੇ ਇੰਜੀਲ ਹੋਵੇਗਾ । ਸਗੋਂ ਬੁਖ਼ਾਰੀ ਵਿਚੱ ਜੋ ਰਬੱ ਦੀ ਕਿਤਾਬ ਦੇ ਬਾਦ ਸਹੀ ਕਿਤਾਬ ਅਖਵਾਉਂਦੀ ਹੈ । ਹੋਰਨਾਂ ਗੱਲ੍ਹਾਂ ਤੋਂ ਬਿਨਾ إِمَامُكُم مِنكُم (ਇਮਾਮੁਕੁਮ ਮਿਨਕੁਮ) ਲਿਖਿੱਆ ਹੈ (ਅਰਥਾਤ ਤੁਹਾਡਾ ਇਮਾਮ ਤੁਹਾਡੇ ਵਿੱਚੋਂ ਹੋਵੇਗਾ) ਅਤੇ ਹਜ਼ਰਤ ਈਸਾ ਮਸੀਹ ਦੇ ਆਕਾਲ ਚਲਾਣੇ ਦੀ ਖ਼ਬਰ ਦੇ ਦਿੱਤੀ ਹੈ । ਜਿਸ ਦੀਆਂ ਅੱਖਾਂ ਹਨ ਵੇਖ ਲਏ । ਨਿਆਕਾਰੀਓਂ ! ਸੋਚ ਕੇ ਉਤੱਰ ਦਿਓ ਕਿ ਕੀ ਕੁਰਆਨੇ ਕਰੀਮ ਵਿਚੱ ਕਿੱਥੇ ਇਹ ਵੀ ਲਿਖਿੱਆ ਹੈ ਕਿ ਕਿਸੇ ਸਮੇਂ ਕੋਈ ਵਾਸਤਵਿਕ ਰੂਪ ਵਿਚੱ ਸਲੀਬਾਂ ਨੂੰ ਤੋੜ੍ਹਣ ਵਾਲਾ ਅਤੇ ਜ਼ਿੰਮੀਆਂ (ਇਸਲਾਮੀ ਰਾਜ ਵਿਚੱ ਰਹਿਣ ਵਾਲੇ ਅਤੇ ਜਜ਼ੀਆ (ਟੈਕਸ) ਦੇਣ ਵਾਲੇ ਲੋਕ) ਨੂੰ ਕਤਲ ਕਰਨ ਵਾਲਾ, ਸੂਅਰਾਂ ਦੇ ਕਤਲ ਕਰਨ ਦਾ ਨਵਾਂ ਆਦੇਸ਼ ਲਿਆਉਣ ਵਾਲਾ ਅਤੇ ਕੁਰਆਨੇ ਕਰੀਮ ਦੇ ਕਈ ਆਦੇਸ਼ਾਂ ਨੂੰ ਰਦੱ ਕਰਨ ਵਾਲਾ ਪ੍ਰਕਟ ਹੋਵੇਗਾ ਅਤੇ ਆਇਤ اَلْيَوْمَ اَكْمَلْتُ لَكُمْ دِيْنَكُمْ[1] 'ਅਲਯੋਮਾ ਅਕਮਲਤੁ ਲਕੁਮ ਦੀਨਾਕੁਮ' (ਸੂਰਤ ਅਲ ਮਾਇਦਾ ਆਇਤ ਨੰਬਰ 4) ਅਤੇ ਆਇਤ حَتّٰى يُعْطُوا الْجِزْيَةَ عَنْ يَّدٍ[2] 'ਹੱਤਾ ਯੂਅਤੁਲ ਜਿਜ਼ਯਤਾ ਅੰਯੱਦਿਨ' (ਸੂਰਤ ਤੋਬਾ ਆਇਤ ਨੰਬਰ 29) ਉਸ ਸਮੇਂ ਰਦੱ ਹੋ ਜਾਏਗੀ ਅਤੇ ਨਵੀਂ ਵਹੀ ਕੁਰਆਨੇ ਕਰੀਮ ਦੀ ਵਹੀ ਉੱਤੇ ਰਦੱ ਹੋਣ ਦੀ ਲੀਕ ਮਾਰ ਦੇਵੇਗੀ । ਹੇ ਲੋਕੋਂ ! ਹੇ ਮੁਸਲਮਾਨਾਂ ਦੀ ਸੰਤਾਨ

[1] ਅਜੱ ਮੈਂ ਤੁਹਾਡੇ (ਭਲੇ) ਲਈ ਤੁਹਾਡਾ ਧਰਮ ਪੂਰਨ ਕਰ ਦਿੱਤਾ ਹੈ । (ਅਨੁਵਾਦਕ)

[2] ਜਦੱ ਤਕੱ ਕਿ ਉਹ ਆਪਣੀ ਇੱਛਾ ਨਾਲ ਜਜ਼ੀਆ (ਟੈਕਸ) ਨ ਦੇਣ । (ਅਨੁਵਾਦਕ)

ਅਖਵਾਉਣ ਵਾਲਿਓਂ !! ਕੁਰਆਨੇ ਕਰੀਮ ਦੇ ਵੈਰੀ ਨ ਬਣੋ ਅਤੇ ਖ਼ਾਤਮੁਨੱਬੀਯੀਨ ਦੇ ਬਾਦ ਨਬੁਵੱਤ ਦੀ ਵਹੀ ਦੀ ਨਵੀਂ ਕੜ੍ਹੀ ਜਾਰੀ ਨ ਕਰੋ ਅਤੇ ਉਸ ਰਬੱ ਦੀ ਕੋਈ ਸ਼ਰਮ ਕਰੋ। ਜਿਸ ਦੇ ਸਾਮ੍ਹਣੇ ਪੈਸ਼ ਕੀਤੇ ਜਾਓਗੇ। ਅਖ਼ੀਰ ਵਿਚੱ ਮੈਂ ਸਰੋਤਿਆਂ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਜਿੰਨ੍ਹਾਂ ਗੱਲਾਂ ਉੱਤੇ ਹਜ਼ਰਤ ਮੌਲਵੀ ਨਜ਼ੀਰ ਹੁਸੈਨ ਸਾਹਿਬ ਅਤੇ ਉਹਨਾਂ ਦੀ ਜਮਾਅਤ ਨੇ ਕੁਫ਼ਰ ਦਾ ਫ਼ਤਵਾ ਦਿੱਤਾ ਹੈ ਅਤੇ ਮੇਰਾ ਨਾਂ ਕਾਫ਼ਰ ਅਤੇ ਦੱਜਾਲ ਰਖਿੱਆ ਹੈ ਅਤੇ ਉਹ ਗਾਲ੍ਹਾਂ ਕਢਿੱਆਂ ਹਨ ਕਿ ਕੋਈ ਸਭਿਆ ਵਿਅਕਤੀ ਗ਼ੈਰ ਜਾਤੀ ਦੇ ਵਿਅਕਤੀ ਲਈ ਵੀ ਚੰਗਾ ਨਹੀ ਸਮਝਦਾ ਅਤੇ ਇਹ ਦਾਅਵਾ ਕੀਤਾ ਹੈ ਕਿ ਸੰਭਵਤਾ ਗੱਲਾਂ ਮੇਰੀ ਕਿਤਾਬ "ਤੌਜ਼ੀਹ ਮਰਾਮ" ਅਤੇ "ਅਜ਼ਾਲਾ ਓਹਾਮ" ਵਿਚੱ ਦਰਜ ਹਨ। ਮੈਂ ਇੰਸ਼ਾ ਅੱਲਾਹ ਕਦੀਰ (ਕਾਦਰ ਰਬੱ ਦੀ ਇੱਛਾ ਅਨੁਸਾਰ) ਛੇਤੀ ਹੀ ਇਕੱ ਰਸਾਲੇ ਵਿਚੱ ਉਹਨਾ ਸਾਰੀਆਂ ਖੰਡਨਕਾਰੀਆਂ ਦੀਆਂ ਗੱਲਾਂ ਲਿਖੱ ਕੇ ਨਿਆਏਕਾਰੀਆਂ ਨੂੰ ਵਿਖਾਵਾਂਗਾ ਕਿ ਕੀ ਵਾਸਤਵ ਵਿਚੱ ਮੈਂ ਇਸਲਾਮ ਦੇ ਸਿਧਾਂਤਾਂ ਤੋਂ ਮੂੰਹ ਮੋੜਿਆ ਹੈ ਜਾਂ ਇਹਨਾਂ ਦੀਆਂ ਹੀ ਅੱਖਾਂ ਉੱਤੇ ਪਰਦਾ ਪਿਆ ਹੈ ਅਤੇ ਇਹਨਾਂ ਦੇ ਹੀ ਦਿਲ੍ਹਾਂ ਉੱਤੇ ਮੋਹਰ ਲੱਗੀ ਹੈ ਕਿ ਗਿਆਨ ਹੋਣ ਦੇ ਦਾਅਵੇ ਦੇ ਬਾਦ ਵੀ ਸੱਚਾਈ ਨੂੰ ਸ਼ਨਾਖ਼ਤ ਨਹੀਂ ਕਰ ਸਕਦੇ ਅਤੇ ਉਸ ਪੁਲ ਵਾਂਗ ਜੋ ਇਕੱ ਵਾਰ ਹੀ ਟੁਟੱ ਕੇ ਹਰ ਪਾਸੇ ਹੜ੍ਹ ਲੈ ਆਏ। ਲੋਕਾਂ ਦੇ ਮਾਰਗ ਦੀ ਰੋਕ ਬਣ

ਰਹੇ ਹਨ । ਚੇਤੇ ਰੱਖੋ ਇਹ ਲੋਕ ਬਹੁਤ ਛੇਤੀ ਸ਼ਰਮਿੰਦਿਆਂ ਹੋ ਕੇ ਆਪਣੇ ਮੂੰਹ ਬੰਦ ਕਰ ਲੈਣਗੇ ਅਤੇ ਬਹੁਤ ਨਿਰਾਦਰੀ ਅਤੇ ਅਪਮਾਨਤਾ ਨਾਲ ਕੁਫ਼ਰ ਦੇ ਜੋਸ਼ ਤੋਂ ਪਰ੍ਹੇ ਹਟ ਕੇ ਠੰਡੇ ਹੋ ਜਾਣਗੇ ਜਿਵੇਂ ਕੋਈ ਭੜਕਦੀ ਅਗੱ ਉੱਤੇ ਪਾਣੀ ਪਾ ਦੇਵੇ। ਪਰ ਮਨੁਖੱ ਦੀ ਸਾਰੀ ਯੋਗਤਾ, ਸੂਖਮਤਾ ਅਤੇ ਸੂਝ-ਬੂਝ ਇਸੇ ਵਿਚੱ ਹੈ ਕਿ ਸਮਝਾਉਣ ਤੋਂ ਪਹਿਲਾਂ ਸਮਝੇ ਅਤੇ ਜਤਲਾਉਣ ਤੋਂ ਪਹਿਲਾਂ ਗਲੱ੍ਹ ਨੂੰ ਪੂਰਾ ਕਰ ਲਏ । ਜੇਕਰ ਸਖ਼ਤ ਸਿਰ ਖਪਾਉਣ ਦੇ ਬਾਦ ਸਮਝਿਆ ਤਾਂ ਕੀ ਸਮਝਿਆ। ਬਹੁਤਿਆਂ ਉਪੱਰ ਬਹੁਤ ਛੇਤੀ ਉਹ ਸਮਾਂ ਆਉਣ ਵਾਲਾ ਹੈ ਕਿ ਉਹ ਕਾਫ਼ਰ ਬਣਾਉਣ ਅਤੇ ਗਾਲ੍ਹਾਂ ਕਢੱਣ ਦੇ ਬਾਦ ਫਿਰ ਪਰਤਨਗੇ ਅਤੇ ਬਦ-ਜ਼ੱਨੀ ਅਤੇ ਬਦ-ਗੁਮਾਨੀ ਦੇ ਬਾਦ ਫਿਰ ਚੰਗੇ ਵਿਚਾਰ ਪੈਦਾ ਕਰ ਲੈਂਣਗੇ । ਪਰ ਕਿੱਥੇ ਉਹ ਪਹਿਲੀ ਗਲੱ੍ਹ ਅਤੇ ਕਿੱਥੇ ਇਹ ।

| |
|---|
| ਇਕੱ ਨੂੰ ਹਜ਼ਾਰ ਉਜ਼ਰ ਬੱਯਾਰੀ ਗੁਨਾਹ ਰਾ |
| ਮਰ ਸ਼ਵੀ ਕਰਦਹ ਰਾ ਨਬੂਦ ਜ਼ੇਬ ਦੁਖ਼ਤਰੀ[1] |

ਸੋ, ਹੇ ਮੇਰੀ ਪਿਆਰੀ ਕੌਮ !! ਇਸ ਸਮੇਂ ਨੂੰ ਗ਼ਨੀਮਤ ਜਾਣੋ । ਇਹ ਤੇਰਾ ਗੁਮਾਨ ਸਹੀ ਨਹੀ ਹੈ। ਸਦੀ ਦੇ ਸਿਰ ਉੱਤੇ ਆਕਾਸ਼ ਅਤੇ ਧਰਤੀ ਦੇ ਰਬੱ ਨੇ ਕੋਈ ਮੁਜੱਦਿਦ ਆਪਣੇ ਵੱਲੋਂ੍ਹ ਨ ਭੇਜਿਆ। ਸਗੋਂ

[1] ਹੁਣ ਤੂੰ ਆਪਣੀ ਗ਼ਲਤੀ ਉੱਤੇ ਹਜ਼ਾਰ ਬਹਾਨੇ ਬਣਾ। ਪਰ ਵਿਵਾਹਿਤ ਔਰਤ ਲਈ ਕੁੰਵਾਰੇਪਨ ਦਾ ਦਾਅਵਾ ਕਰਨਾ ਸ਼ੋਭਾ ਨਹੀਂ ਦਿੰਦਾ। (ਅਨੁਵਾਦਕ)

ਕਾਫ਼ਰ ਅਤੇ ਦੱਜਾਲ ਭੇਜਿਆ ਤਾਂ ਜੋ ਧਰਤੀ ਵਿਚੱ ਫ਼ਸਾਦ ਅਤੇ ਉਪਦੱਰ ਫ਼ੈਲਾਏ । ਹੇ ਕੌਮ ! ਨਬੀ ਅਲੈਹਿ ਸਲਾਮ ਦੀਆਂ ਭਵਿਖੱਬਾਣੀਆਂ ਦਾ ਕੁਝੱ ਲਿਹਾਜ਼ ਕਰੋ ਅਤੇ ਰਬੱ ਤੋਂ ਡਰੋ ਅਤੇ ਨੇਮਤ ਨੂੰ ਰਦੱ ਨ ਕਰੋ ।

| |
|---|
| ਗ਼ਾਫ਼ਲ ਮਸ਼ੋ ਗਰ ਆਕਲੀ ਦਰ ਯਾਬ ਗਰ ਸਾਹਬਦਲੀ |
| ਸ਼ਾਇਦ ਕਿ ਨਤਵਾਂ ਯਾਫ਼ਤਨ ਦੀਗਰ ਚੁਨੀਂ ਅੱਯਾਮ ਰਾ[1] |

ਸਲਾਮਤੀ ਹੋਵੇ ਉਸ ਉੱਤੇ ਜਿਸ ਨੇ ਹਦਾਯਤ ਦੀ ਪੈਰਵੀ ਕੀਤੀ ।

ਨੋਟ :- ਉਪਰੋਕਤ ਰਸਾਲਾ 27 ਦਸੰਬਰ 1891 ਈ. ਨੂੰ ਜ਼ੋਹਰ ਦੀ ਨਮਾਜ਼ ਦੇ ਬਾਦ ਵੱਡੀ ਮਸਜਿਦ ਕਾਦੀਆਂ ਵਿਚੱ ਇਕੱ ਵੱਡੇ ਇਕਠੱ ਦੇ ਸਾਮ੍ਹਣੇ ਮੌਲਵੀ ਅਬਦੁਲੱ ਕਰੀਮ ਸਾਹਿਬ ਸਿਆਲਕੋਟੀ ਨੇ ਪੜ੍ਹ ਕੇ ਸੁਣਾਇਆ ਅਤੇ ਭਾਸ਼ਣ ਖ਼ਤਮ ਹੋਣ ਦੇ ਬਾਦ ਇਹ ਤਜਵੀਜ਼ ਸਰੋਤਿਆਂ ਸਾਮ੍ਹਣੇ ਰੱਖੀ ਗਈ ਕਿ ਅੰਜੁਮਨ ਦੇ ਮੈਂਬਰ ਕੌਣ ਕੌਣ ਬਣਾਏ ਜਾਣ ਅਤੇ ਕਿਵੇਂ ਇਸ ਕਾਰਵਾਈ ਨੂੰ ਸ਼ੁਰੂ ਕੀਤਾ ਜਾਏ । ਹਾਜ਼ਰ ਲੋਕਾਂ ਨੇ ਜਿੰਨ੍ਹਾ ਵਿਸ਼ੇਸ਼ ਲੋਕਾਂ ਦੇ ਨਾਂ ਪੈਸ਼ ਕੀਤੇ । ਜੋ ਕੇਵਲ ਉਪਰੋਕਤ ਤਜਵੀਜ਼ ਲਈ ਪਰਾਮਰਸ਼ ਅਤੇ ਗ਼ੌਰ ਕਰਨ ਲਈ ਆਏ ਸਨ । ਸਮੂਹ ਸਹਿਮਤੀ ਨਾਲ ਇਹ ਕਰਾਰ ਪਾਇਆ ਕਿ ਸਭ ਤੋਂ ਪਹਿਲਾਂ ਇਸ ਰਸਾਲੇ ਨੂੰ ਪ੍ਰਕਾਸ਼ਿਤ ਕਰ ਦਿੱਤਾ ਜਾਏ ਅਤੇ ਵਿਰੋਧੀਆਂ ਦੇ ਇਰਾਦਿਆਂ ਦਾ ਪਤਾ ਕਰਨ ਦੇ ਬਾਦ ਧਿਰਾਂ ਦੀ

[1] ਜੇਕਰ ਤੂੰ ਅਕਲਮੰਦ ਹੈ ਤਾਂ ਬੇਸੁਧੱ ਨ ਹੋ ਕਿ ਸ਼ਾਇਦ ਫ਼ਿਰ ਅਜਿਹੇ ਦਿਨ ਨ ਮਿਲ ਸਕਣ । (ਅਨੁਵਾਦਕ)

# ਸਹਿਮਤੀ ਨਾਲ ਅੰਜੁਮਨ ਦੇ ਮੈਂਬਰ ਨਿਯੁੱਕਤ ਕੀਤੇ ਜਾਣ ਅਤੇ ਕਾਰਵਾਈ ਆਰੰਭ ਕੀਤੀ ਜਾਏ । ਜੋ ਸਾਹਿਬ ਇਸ ਜਲਸੇ ਵਿਚੱ ਮੌਜੂਦ ਸਨ । ਉਹਨਾ ਦੇ ਨਾਂ ਇਹ ਹਨ :-

| | |
|---|---|
| ਮੁੰਨਸ਼ੀ ਮੁਹੰਮਦ ਅਰੋੜੇ ਸਾਹਿਬ ਮਹਕਮਾ ਮਜਿਸਟ੍ਰੇਟ ਕਪੂਰਥਲਾ | ਮੁੰਨਸ਼ੀ ਮੁਹੰਮਦ ਖਾਨ ਸਾਹਿਬ ਅਹਿਲਮਦ ਫ਼ੌਜਦਾਰੀ ਕਪੂਰਥਲਾ |
| ਹਾਫ਼ਜ਼ ਮੁਹੰਮਦ ਅਲੀ ਸਾਹਿਬ ਕਪੂਰਥਲਾ | ਮੁੰਨਸ਼ੀ ਮੁਹੰਮਦ ਅਬਦੁਰੱ ਰਹਿਮਾਨ ਸਾਹਿਬ ਮੁਹਰਰ ਮਹਕਮਾ ਜਰਨੈਲੀ |
| ਮੁੰਨਸ਼ੀ ਮੁਹੰਮਦ ਹਬੀਬੁਰ ਰਹਿਮਾਨ ਸਾਹਿਬ ਰਈਸ ਕਪੂਰਥਲਾ | ਮੁੰਨਸ਼ੀ ਜ਼ਫ਼ਰ ਅਹਮਦ ਸਾਹਿਬ ਅਪੀਲ ਨਵੀਸ |
| ਹਾਜੀ ਖ਼ਵਾਜ਼ਾ ਮੁਹਮੰਦ ਦੀਨ ਸਾਹਿਬ ਰਈਸ ਲਾਹੌਰ | ਮੀਆਂ ਮੁਹੰਮਦ ਚਟੂੱ ਸਾਹਿਬ ਰਈਸ ਲਾਹੌਰ |
| ਖ਼ਲੀਫ਼ਾ ਰਜਬੁਦ ਦੀਨ ਸਾਹਿਬ ਰਈਸ ਲਾਹੌਰ | ਮੁੰਨਸ਼ੀ ਸ਼ਮਸੁਦ ਦੀਨ ਸਾਹਿਬ ਕਲਰਕ ਦਫ਼ਤਰ ਐਗਜ਼ੀਮਜ਼ ਲਾਹੌਰ |
| ਮੁੰਨਸ਼ੀ ਤਾਜਦੀਨ ਸਾਹਿਬ ਅਕਾਉਂਟੈਂਟ ਦਫ਼ਤਰ ਐਗਜ਼ੀਮਜ਼ ਲਾਹੌਰ | ਮੁੰਨਸ਼ੀ ਨਬੀ ਬਖ਼ਸ਼ ਸਾਹਿਬ ਕਲਰਕ ਲਾਹੌਰ |
| ਮੁੰਨਸ਼ੀ ਨਬੀ ਬਖ਼ਸ਼ ਸਾਹਿਬ ਕਲਰਕ ਲਾਹੌਰ | ਹਾਫ਼ਜ਼ ਫ਼ਜ਼ਲ ਅਹਮਦ ਸਾਹਿਬ ਲਾਹੌਰ |
| ਹਾਫ਼ਜ਼ ਫ਼ਜ਼ਲ ਅਹਮਦ ਸਾਹਿਬ ਲਾਹੌਰ | ਹਾਫ਼ਜ਼ ਫ਼ਜ਼ਲ ਅਹਮਦ ਸਾਹਿਬ ਲਾਹੌਰ |
| ਮੁੰਨਸ਼ੀ ਸਰਦਾਰ ਖਾਨ ਸਾਹਿਬ ਕੋਰਟ ਦਫ਼ੇਦਾਰ ਲਾਹੌਰ | ਮੁੰਨਸ਼ੀ ਇਮਦਾਦ ਅਲੀ ਖ਼ਾਨ ਸਾਹਿਬ ਮੁਹਰਰ ਸਰਸ਼ਤਾ ਤਾਲੀਮ ਲਾਹੌਰ |
| ਮੌਲਵੀ ਮੁਹੰਮਦ ਹੁਸੈਨ ਕਪੂਰਥਲਾ | ਸਯੱਦ ਮੁਹੰਮਦ ਸ਼ਾਹ ਸਾਹਿਬ ਰਈਸ ਜੰਮੂ |
| ਮਿਸਤਰੀ ਉਮਰਦੀਨ ਸਾਹਿਬ ਜੰਮੂ | ਮੌਲਵੀ ਨੂਰੁੱਦੀਨ ਸਾਹਿਬ ਹਕੀਮ ਖ਼ਾਸ ਰਿਯਾਸਤ ਜੰਮੂ |
| ਖਲੀਫ਼ਾ ਨੂਰੁੱਦੀਨ ਸਾਹਿਬ ਜੰਮੂ | ਕਾਜ਼ੀ ਮੁਹੰਮਦ ਅਕਬਰ ਸਾਹਿਬ ਸਾਬਕ ਤਹਿਸੀਲਦਾਰ ਜੰਮੂ |
| ਸ਼ੇਖ਼ ਮੁਹੰਮਦ ਜਾਨ ਸਾਹਿਬ ਮੁਲਾਜ਼ਮ ਰਾਜਾ ਅਮਰ ਸਿੰਘ ਸਾਹਿਬ ਵਜ਼ੀਰਾਬਾਦੀ | ਮੌਲਵੀ ਅਬਦੁਲ ਕਾਦਰ ਸਾਹਿਬ ਮੁਦਰਰਿਸ ਜਮਾਲਪੁਰ |
| ਮਿਰਜ਼ਾ ਖ਼ੁਦਾ ਬਖ਼ਸ਼ ਸਾਹਿਬ ਅਤਾਲੀਕ | ਮੁੰਨਸ਼ੀ ਰੁਸਤਮ ਅਲੀ ਸਾਹਿਬ ਡਿਪਟੀ |

| | |
|---|---|
| ਨਵਾਬ ਮਲੇਰਕੋਟਲਾ | ਇੰਸਪੈਕਟਰ ਪੁਲਿਸ ਰੇਲਵੇ ਲਾਹੌਰ |
| ਮੁੰਨਸ਼ੀ ਰੁਸਤਮ ਅਲੀ ਸਾਹਿਬ ਡਿਪਟੀ ਇੰਸਪੈਕਟਰ ਪੁਲਿਸ ਰੇਲਵੇ ਲਾਹੌਰ | ਡਿਪਟੀ ਹਾਜੀ ਸਯੱਦ ਫ਼ਤਿਹ ਅਲੀ ਸ਼ਾਹ ਸਾਹਿਬ ਡਿਪਟੀ ਕਲੈਕਟਰ ਇਨਹਾਰ |
| ਸ਼ੇਖ਼ ਨੂਰ ਅਹਮਦ ਸਾਹਿਬ ਮਾਲਿਕ ਪ੍ਰੈਸ ਰਿਆਜ਼ ਹਿੰਦ ਅੰਮ੍ਰਿਤਸਰ | ਮੁੰਨਸ਼ੀ ਗ਼ੁਲਾਮ ਮੁਹੰਮਦ ਸਾਹਿਬ ਕਾਤਬ ਅੰਮ੍ਰਿਤਸਰ |
| ਮੀਆਂ ਜਮਾਲੁਦੱ ਦੀਨ ਸਾਹਿਬ ਵਾਸੀ ਪਿੰਡ ਸੇਖ਼ਵਾਂ | ਮੀਆਂ ਇਮਾਮ-ਉਦੱ-ਦੀਨ ਸਾਹਿਬ ਸੇਖ਼ਵਾਂ |
| ਮੀਆਂ ਖ਼ੈਰੁ-ਉਦੱ-ਦੀਨ ਸਾਹਿਬ ਸੇਖ਼ਵਾਂ | ਮੀਆਂ ਮੁਹੰਮਦ ਈਸਾ ਸਾਹਿਬ ਮੁਦਰਰਿਸ ਨੌਸ਼ਹਿਰਾ |
| ਮੌਲਵੀ ਰਹੀਮ-ਉਲੱ-ਅੱਲਾਹ ਸਾਹਿਬ ਲਾਹੌਰ | ਮੌਲਵੀ ਗ਼ੁਲਾਮ ਹੁਸੈਨ ਸਾਹਿਬ ਇਮਾਮ ਮਸਜਿਦ ਗੁਮਟੀ ਲਾਹੌਰ |
| ਮੁੰਨਸ਼ੀ ਅਬਦੁਰੱ ਰਹਿਮਾਨ ਸਾਹਿਬ ਕਲਰਕ ਮੋਕੋ ਆਫ਼ਿਜ਼ ਲਾਹੌਰ | ਮੌਲਵੀ ਅਬਦੁਰੱ ਰਹਿਮਾਨ ਸਾਹਿਬ ਮਸਜਿਦ ਚੀਨੀਆਂ ਲਾਹੌਰ |
| ਮੁੰਨਸ਼ੀ ਕਰਮ ਇਲਾਹੀ ਸਾਹਿਬ ਲਾਹੌਰ | ਸਯੱਦ ਨਾਸਿਰ ਸ਼ਾਹ ਸਾਹਿਬ ਸਬ-ਓਵਰਸੀਅਰ |
| ਹਾਫ਼ਿਜ਼ ਮੁਹੰਮਦ ਅਕਬਰ ਸਾਹਿਬ ਲਾਹੌਰ | ਮੌਲਵੀ ਗ਼ੁਲਾਮ ਕਾਦਰ ਸਾਹਿਬ ਫ਼ਸੀਹ ਮਾਲਕ ਵ ਪ੍ਰਬੰਧਕ ਪੰਜਾਬ ਪ੍ਰੈਸ ਅਤੇ ਮਿਉਂਨਿਸਪਲ ਕਮਿਸ਼ਨਰ ਸਿਆਲਕੋਟ |
| ਮੌਲਵੀ ਅਬਦੁਲ ਕਰੀਮ ਸਾਹਿਬ ਸਿਆਲਕੋਟ | ਮੀਰ ਹਾਮਦ ਸ਼ਾਹ ਸਾਹਿਬ ਅਹਿਲਮਦ ਮੁਆਰਫ਼ੀਯਾਤ ਸਿਆਲਕੋਟ |
| ਸ਼ੇਖ਼ ਰਹਿਮਤ-ਉਲੱ-ਅੱਲਾਹ ਸਾਹਿਬ ਮਿਉਂਨਿਸਪਲ ਕਮਿਸ਼ਨਰ ਗੁਜਰਾਤ | ਸ਼ੇਖ਼ ਅਬਦੁਰ ਰਹਿਮਾਨ ਸਾਹਿਬ ਬੀ.ਏ ਗੁਜਰਾਤ |
| ਮੁੰਨਸ਼ੀ ਗ਼ੁਲਾਮ ਅਕਬਰ ਸਾਹਿਬ ਯਤੀਮ ਕਲਰਕ ਐਗਜ਼ੀਮਜ਼ ਆਫ਼ਿਸ ਲਾਹੌਰ | ਮੁੰਨਸ਼ੀ ਦੋਸਤ ਮੁਹੰਮਦ ਸਾਹਿਬ ਸਾਰਜੈਂਟ ਪੁਲਿਸ ਜੰਮੂ |
| ਮੁਫ਼ਤੀ ਫ਼ਜ਼ਲੂਰ ਰਹਿਮਾਨ ਸਾਹਿਬ ਰਈਸ ਜੰਮੂ | ਮੁੰਨਸ਼ੀ ਗ਼ੁਲਾਮ ਮੁਹੰਮਦ ਸਾਹਿਬ ਖ਼ਲਫ਼ ਮੌਲਵੀ ਦੀਨ ਮੁਹੰਮਦ ਲਾਹੌਰ |
| ਸਾਈਂ ਸ਼ੇਰ ਸ਼ਾਹ ਸਾਹਿਬ ਮਜਜ਼ੂਬ ਜੰਮੂ | ਸਾਹਿਬਜ਼ਾਦਾ ਇਫ਼ਤਿਖ਼ਾਰ ਅਹਮਦ ਸਾਹਿਬ ਲੁਧਿਆਣਾ |
| ਕਾਜ਼ੀ ਖ਼ਵਾਜਾ ਅਲੀ ਸਾਹਿਬ ਠੇਕੇਦਾਰ ਸ਼ਕਰਮ ਲੁਧਿਆਣਾ | ਹਾਫ਼ਿਜ਼ ਨੂਰ ਅਹਮਦ ਸਾਹਿਬ ਕਾਰਖ਼ਾਨੇਦਾਰ ਪਸ਼ਮੀਨਾ ਲੁਧਿਆਣਾ |
| ਸ਼ਹਿਜ਼ਾਦਾ ਹਾਜੀ ਅਬਦੁਲ ਮਜੀਦ ਸਾਹਿਬ ਲੁਧਿਆਣਾ | ਹਾਜੀ ਅਬਦੁਰੱ ਰਹਿਮਾਨ ਸਾਹਿਬ ਲੁਧਿਆਣਾ |

| | |
|---|---|
| ਮੀਆਂ ਚਿਰਾਗ ਅਲੀ ਸਾਹਿਬ ਵਾਸੀ ਥਿਹ ਗ਼ੁਲਾਮ ਨਬੀ | ਮੀਆਂ ਸ਼ਹਾਬੁਦ ਦੀਨ ਸਾਹਿਬ ਵਾਸੀ ਥਿਹ ਗ਼ੁਲਾਮ ਨਬੀ |
| ਮੀਆਂ ਅਬਦੁੱਲਾਹ ਸਾਹਿਬ ਵਾਸੀ ਸੋਹਲ | ਕਾਫ਼ਿ ਅਬਦੁਰ ਰਹਿਮਾਨ ਸਾਹਿਬ ਵਾਸੀ ਸੋਹੀਆਂ |
| ਦਰੋਗਾ ਨੇਮਤ ਅਲੀ ਸਾਹਿਬ ਹਾਸ਼ਮੀ ਅੱਬਾਸੀ ਬਟਾਲਵੀ | ਹਾਫ਼ਿਜ਼ ਹਾਮਿਦ ਅਲੀ ਸਾਹਿਬ ਮੁਲਾਜ਼ਮ ਮਿਰਜ਼ਾ ਸਾਹਿਬ |
| ਹਕੀਮ ਜਾਨ ਮੁਹੰਮਦ ਸਾਹਿਬ ਇਮਾਮ ਮਸਜਿਦ ਕਾਦੀਆਨੀ | ਬਾਬੂ ਅਲੀ ਮੁਹੰਮਦ ਸਾਹਿਬ ਰਈਸ ਬਟਾਲਾ |
| ਮਿਰਜ਼ਾ ਇਸਮਾਈਲ ਬੇਗ ਸਾਹਿਬ ਕਾਦੀਆਨੀ | ਮੀਰ ਮਹਮੂਦ ਸ਼ਾਹ ਸਾਹਿਬ ਨਕਲ ਨਵੀਸ ਸਿਆਲਕੋਟ |
| ਮੁੰਨਸ਼ੀ ਮੁਹੰਮਦ ਦੀਨ ਸਾਹਿਬ ਸਾਬਕ ਗੁਰੂ ਆਵਰ ਸਿਆਲਕੋਟ | ਹਕੀਮ ਫ਼ਜ਼ਲਦ ਦੀਨ ਸਾਹਿਬ ਰਈਸ ਭੇਰਾ |
| ਮੀਆਂ ਨਜਮੂਦ ਦੀਨ ਸਾਹਿਬ ਰਈਸ ਭੇਰਾ | ਮੁੰਨਸ਼ੀ ਅਹਮਦ-ਉਲੱ-ਅੱਲਾਹ ਸਾਹਿਬ ਮਹਾਲਦਾਰ ਮੁਹਕਮਾ ਪਰਮਿਟ ਜੰਮੂ |
| ਸ਼ੇਖ਼ ਸ਼ਹਾਬੁਦ ਦੀਨ ਸਾਹਿਬ ਲੁਧਿਆਣਾ | ਹਾਜੀ ਨਿਜ਼ਾਮੂਦ ਦੀਨ ਸਾਹਿਬ ਲੁਧਿਆਣਾ |
| ਸ਼ੇਖ਼ ਅਬਦੁਲ ਹਕੱ ਸਾਹਿਬ ਲੁਧਿਆਣਾ | ਮੌਲਵੀ ਮੁਹਕਮੁਦ ਦੀਨ ਸਾਹਿਬ ਮੁਖ਼ਤਾਰ ਅੰਮ੍ਰਿਤਸਰ |
| ਮੀਆਂ ਬੁੱਢੇ ਖ਼ਾਨ ਨੰਬਰਦਾਰ ਬੇਰੀ | ਮਿਰਜ਼ਾ ਮੁਹਮੱਦ ਅਲੀ ਸਾਹਿਬ ਰਈਸ ਪੱਟੀ |
| ਸ਼ੇਖ਼ ਮੁਹਮੱਦ ਉਮਰ ਸਾਹਿਬ ਹਲਫ਼ | ਹਾਜੀ ਗੁਲਾਮ ਮੁਹੰਮਦ ਸਾਹਿਬ ਬਟਾਲਾ |
| ਗ਼ੁਲਾਮ ਮੁਹੰਮਦ ਸਾਹਿਬ ਬਟਾਲਾ | |

# ਡਾਕਟਰ ਜਗਨ ਨਾਥ ਸਾਹਿਬ ਮੁਲਾਜ਼ਮ ਰਿਆਸਤ ਜੰਮੂ ਨੂੰ ਆਕਾਸ਼ੀ ਨਿਸ਼ਾਨਾਂ (ਚਮਤਕਾਰਾਂ) ਵਲੱ ਸੱਦਾ

**ਮੇਰੇ ਪਿਆਰੇ ਸਜੱਣ ਅਤੇ ਇਲਾਹੀ ਮਿਤੱਰ ਹਜ਼ਰਤ ਮੌਲਵੀ ਹਕੀਮ ਨੂਰ-ਉਦੱ-ਦੀਨ ਸਾਹਿਬ ਰਬੱ ਦੀ ਰਜ਼ਾ ਵਿਚੱ ਫ਼ਨਾ ਹੋਣ ਵਾਲੇ ਅਤੇ ਰਿਆਸਤ ਜੰਮੂ ਦੇ ਮੁਲਾਜ਼ਮ ਅਤੇ ਸ਼ਾਹੀ ਹਕੀਮ ਨੇ ਇਕੱ ਪਤੱਰ ਮਿੱਤੀ 7 ਜਨਵਰੀ 1892 ਈ. ਨੂੰ ਮੇਰੇ ਵਲੱ ਭੇਜਿਆ ਹੈ । ਜਿਸ**

ਦੀਆਂ ਪੰਕਤੀਆਂ ਕੁਝੱ ਇਸ ਪ੍ਰਕਾਰ ਹੇਠਾਂ ਲਿਖੱਿਆਂ ਜਾਂਦੀਆਂ ਹਨ ਅਤੇ ਉਹ ਇਹ ਹੈ। ਖ਼ਾਕਸਾਰ (ਨਿਮਾਣਾ) ਨਾਬਕਾਰ (ਨਿਗੁਣਾ) ਨੂਰ-ਉਦੱ-ਦੀਨ ਬ-ਹਜ਼ੂਰ ਰਹਿਮਾਨ ਰਬੱ ਵਲੋਂ ਸਨਮਾਨਯੋਗ ਹਜ਼ਰਤ ਮਸੀਹੇ ਜ਼ਮਾਨ ਦੀ ਸੇਵਾਂ ਵਿਚੱ ਅਸੱਲਾਮੋ ਅਲੈਕੁਮ ਵ ਰਹਿਮਾਤੁੱਲਾਹ ਵ ਬਰਕਾਤੁਹੁ ਦੇ ਬਾਦ ਪੂਰੇ ਅਦਬ ਨਾਲ ਅਰਜ਼ ਕਰਦਾ ਹੈ[1], ਗਰੀਬ ਨਵਾਜ਼, ਇਕੱ ਅਰਜ਼ੀ ਸੇਵਾ ਵਿਚੱ ਭੇਜੀ ਹੈ। ਇਸ ਦੇ ਬਾਦ ਇੱਥੇ ਜੰਮੂ ਵਿਚੱ ਇਕੱ ਅਜੀਬ ਬੇ-ਤਮੀਜ਼ੀ ਦੇ ਹੜ੍ਹ ਦੀ ਖ਼ਬਰ ਪਹੁੰਚੀ ਹੈ। ਜਿਸ ਨੂੰ ਵਿਸਥਾਰ ਨਾਲ ਲਿਖੱਣਾ ਉਚਿੱਤ

---

[1] ਨੋਟ :- ਹਜ਼ਰਤ ਮੌਲਵੀ ਸਾਹਿਬ ਦੇ ਪ੍ਰੇਮ ਨਾਲ ਭਰਪੂਰ ਪਤੱਰ ਦੇ ਕੁਝੱ ਵਾਕ ਲਿਖੱਦਾ ਹਾਂ। ਗੌਰ ਨਾਲ ਪੜ੍ਹਣੇ ਚਾਹੀਦੇ ਹਨ ਤਾਂ ਜੋ ਪਤਾ ਲੱਗੇ ਕਿ ਕਿੱਥੋਂ ਤਕੱ ਰਹਿਮਾਨ ਰਬੱ ਦੀ ਮਿਹਰ ਨਾਲ ਉਹਨਾਂ ਨੂੰ ਮਾਨਸਿਕ ਸ਼ਾਂਤੀ, ਸੱਚਾਈ ਅਤੇ ਕਾਮਲ ਵਿਸ਼ਵਾਸ ਪ੍ਰਦਾਨ ਕੀਤਾ ਗਿਆ ਹੈ। ਕੁਝੱ ਵਾਕ ਇਹ ਹਨ :- "ਆਲੀ ਜਨਾਬ ਮਿਰਜ਼ਾ ਜੀ ! ਮੈਨੂੰ ਆਪਣੇ ਕਦਮਾ ਵਿਚੱ ਥਾਂ ਦਿਓ। ਰਬੱ ਦੀ ਰਜ਼ਾ ਚਾਹੁੰਦਾ ਹਾਂ ਅਤੇ ਜਿਵੇਂ ਉਹ ਰਾਜ਼ੀ ਹੋ ਸਕੇ ਤਿਆਰ ਹਾਂ। ਜੇਕਰ ਆਪ ਦੇ ਮਿਸ਼ਨ ਨੂੰ ਮਾਨਵੀ ਰਕਤ ਨਾਲ ਸੀਂਜਣ ਦੀ ਲੋੜ੍ਹ ਹੈ ਤਾਂ ਇਹ ਨਾਬਕਾਰ (ਪਰ ਮਾਨਵੀ ਪ੍ਰੇਮ ਵਿਚੱ) ਚਾਹੁੰਦਾ ਹੈ ਕਿ ਇਹ ਕੰਮ ਆਵੇ। ਤੁਸੀਂ ਕਲਾਮੁੱਲਾਹ ਅਤੇ ਜਜ਼ਾਹੁੱਲਾਹ" ਹਜ਼ਰਤ ਮੌਲਵੀ ਸਾਹਿਬ ਜੋ ਵਿਨਮ੍ਰਤਾ, ਅਦਬ, ਪ੍ਰੇਮ ਭਾਵਨਾ, ਧੰਨ ਮਾਲ, ਸਤਿਕਾਰ, ਸਨਮਾਨ ਅਤੇ ਜਾਨ ਨਿਛਾਵਰੀ ਵਿਚੱ ਫ਼ਾਨੀ ਹਨ। ਉਹ ਆਪ ਨਹੀਂ ਬੋਲਦੇ। ਸਗੋਂ ਉਹਨਾ ਦੀ ਆਤਮਾ ਬੋਲ ਰਹੀ ਹੈ। ਵਾਸਤਵ ਵਿਚੱ ਅਸੀਂ ਉਸੇ ਸਮੇਂ ਸੱਚੇ ਬੰਦੇ ਠਹਿਰ ਸਕਦੇ ਹਾਂ। ਜੋ ਬਖ਼ਸ਼ਣਹਾਰ ਰਬੱ ਨੇ ਸਾਨੂੰ ਦਿੱਤਾ। ਅਸੀਂ ਉਸ ਨੂੰ ਹੀ ਪਰਤਾਈਏ ਜਾਂ ਪਰਤਾਉਣ ਲਈ ਤਿਆਰ ਹੋ ਜਾਈਏ। ਸਾਡੀ ਜਾਨ ਉਸ ਦੀ ਅਮਾਨਤ ਹੈ ਅਤੇ ਉਹ ਫ਼ਰਮਾਉਂਦਾ ਹੈ ਕਿ : تُؤَدُّوا الْاَمٰنٰتِ اِلٰۤى اَهْلِهَا "ਤੁਅਦੁਲੱ ਅਮਾਨਾਤਿ ਇਲਾ ਅਹਲਿਹਾ"

(ਤੁਸੀਂ ਅਮਾਨਤਾਂ ਨੂੰ ਉਨ੍ਹਾਂ ਦੇ ਹਕੱਦਾਰਾਂ ਨੂੰ ਮੋੜ੍ਹ ਦਿਓ-ਅਨੁਵਾਦਕ)

| | |
|---|---|
| ਸਰ ਕਿ ਨ ਦਰ ਪਾਏ ਅਜ਼ੀਜ਼ਸ਼ ਰਵਦ | ਬਾਰੇ ਗਿਰਾਂ ਅਸੱਤ ਕਸ਼ੀਦਨ ਬਦੋਸ਼ |

ਉਹ ਸਰ ਜਿਹੜ੍ਹਾ ਉਸ ਦੇ ਸ਼ੁਭੱ ਚਰਨਾਂ ਵਿਚੱ ਨ ਡਿੱਗੇ, ਉਹ ਮੋਢੇ ਉੱਤੇ ਬਹੁਤ ਵੱਡਾ ਭਾਰ ਹੈ--ਅਨੁਵਾਦਕ

ਸਮਝਦਾ ਹਾਂ । 'ਅਜ਼ਾਲਾ ਓਹਾਮ" ਵਿਚੱ ਹਜ਼ੂਰੇ ਵਾਲਾ ਨੇ ਡਾਕਟਰ ਜਗਨ ਨਾਥ ਬਾਰੇ ਲਿਖਿੱਆ ਹੈ ਕਿ ਉਹ ਗੁਰੇਜ਼ ਕਰ ਗਏ । ਹੁਣ ਡਾਕਟਰ ਸਾਹਿਬ ਨੇ ਅਨੇਕਾਂ ਹੀ ਅਜਿਹੇ ਲੋਕਾਂ ਨੂੰ ਜੋ ਇਸ ਗਲੱ ਤੋਂ ਜਾਣੂ ਸਨ ਕਿਹਾ ਹੈ ਸਿਆਹੀ ਨਾਲ ਇਹ ਗਲੱ ਲਿੱਖੀ ਗਈ ਹੈ । ਲਾਲ ਸਿਆਹੀ ਨਾਲ ਇਸ ਉੱਤੇ ਲੀਕ ਮਾਰ ਦਿਓ । ਮੈਂ ਉੱਕਾ ਹੀ ਗੁਰੇਜ਼ ਨਹੀਂ ਕੀਤਾ ਅਤੇ ਨ ਕਿਸੇ ਨਿਸ਼ਾਨ ਦੀ ਵਿਸ਼ੇਸ਼ਤਾ ਚਾਹੀ । ਮੁਰਦੇ ਨੂੰ ਜੀਊਂਦਾ ਕਰਨਾ ਮੈਂ ਨਹੀਂ ਚਾਹੁੰਦਾ ਅਤੇ ਨ ਹੀ ਸੁੱਕੇ ਰੁਖੱ ਦਾ ਹਰਾ ਹੋਣਾ । ਅਰਥਾਤ ਬਿਨਾਂ ਕਿਸੇ ਵਿਸ਼ੇਸ਼ਤਾ ਦੇ ਕੋਈ ਨਿਸ਼ਾਨ ਚਾਹੁੰਦਾ ਹਾਂ । ਜੋ ਮਨੁੱਖੀ ਤਾਕਤ ਤੋਂ ਪਰ੍ਹੇ ਹੋਵੇ ।

ਹੁਣ ਸਰੋਤਿਆਂ ਉਪੱਰ ਸਪਸ਼ਟ ਹੋਵੇ ਕਿ ਪਹਿਲਾਂ ਉਕਤ ਡਾਕਟਰ ਸਾਹਿਬ ਨੇ ਆਪਣੇ ਇਕੱ ਪਤੱਰ ਵਿਚੱ ਨਿਸ਼ਾਨਾਂ ਦੀ ਉਹਨਾਂ ਦੀ ਪਸੰਦ (ਵਿਸ਼ੇਸ਼ਤਾ) ਸਹਿਤ ਮੰਗਿਆ ਸੀ । ਜਿਵੇਂ ਮੁਰਦੇ ਜੀਊਂਦੇ ਕਰਨਾ ਆਦਿ ਇਸ ਉੱਤੇ ਉਹਨਾਂ ਨੂੰ ਲਿਖਿੱਆ ਗਿਆ ਕਿ ਆਪ ਦੀ ਪਸੰਦ ਅਣਉਚਿੱਤ ਹੈ । ਰਬੱ ਆਪਣੇ ਇਰਾਦੇ ਅਤੇ ਆਪਣੇ ਮਸਲਿਆਂ ਅਨੁਸਾਰ ਨਿਸ਼ਾਨ ਪ੍ਰਕਟ ਕਰਦਾ ਹੈ ਅਤੇ ਜਦੱ ਕਿ ਨਿਸ਼ਾਨ ਕਹਿੰਦੇ ਹੀ ਉਸ ਨੂੰ ਹਨ । ਜੋ ਮਨੁੱਖੀ ਤਾਕਤਾਂ ਤੋਂ ਉਪੱਰ ਹੋਣ ਤਾਂ ਫਿਰ ਪਸੰਦ (ਵਿਸ਼ੇਸ਼ ਕਰਨ) ਦੀ ਕੀ ਲੋੜ੍ਹ ਹੈ । ਕਿਸੇ ਨਿਸ਼ਾਨ ਨੂੰ ਪਰਖਣ ਲਈ ਇਹੋ ਤਰੀਕਾ ਬਹੁਤ ਹੈ ਕਿ ਮਨੁੱਖੀ ਤਾਕਤਾਂ ਉਸ ਦੀ ਉਧਾਰਣ ਪੈਦਾ ਨਹੀਂ ਕਰ ਸਕਦੀਆਂ । ਇਸ

ਪਤੱਰ ਦਾ ਉਤੱਰ ਡਾਕਟਰ ਸਾਹਿਬ ਨੇ ਕੋਈ ਨਹੀਂ ਦਿੱਤਾ ਸੀ। ਹੁਣ ਫਿਰ ਡਾਕਟਰ ਸਾਹਿਬ ਨੇ ਨਿਸ਼ਾਨ ਵੇਖ਼ਣ ਦੀ ਇੱਛਾ ਪ੍ਰਕਟ ਕੀਤੀ ਹੈ ਅਤੇ ਮਿਹਰਬਾਨੀ ਕਰਕੇ ਆਪਣੀ ਇਸ ਪਹਿਲੀ ਸ਼ਰਤ ਨੂੰ ਚੁਕੱ ਲਿਆ ਹੈ ਅਤੇ ਕੇਵਲ ਨਿਸ਼ਾਨ ਵੇਖਣਾ ਚਾਹੁੰਦੇ ਹਨ। ਕੋਈ ਨਿਸ਼ਾਨ ਹੋਵੇ। ਜੋ ਮਨੁੱਖੀ ਤਾਕਤ ਤੋਂ ਉਪੱਰ ਹੋਵੇ। ਇਸ ਲਈ ਅਜੱ ਹੀ ਮਿੱਤੀ 11 ਜਨਵਰੀ 1892 ਈ. ਦਿਨ ਸੋਮਵਾਰ ਨੂੰ ਡਾਕਟਰ ਸਾਹਿਬ ਦੀ ਸੇਵਾ ਵਿਚੱ ਫ਼ਿਰ ਮੁੜ੍ਹ ਰਜਿਸਟਰਡ ਪਤੱਰ ਸੱਚਾਈ ਦੇ ਸੱਦੇ ਦੇ ਰੂਪ ਵਿਚੱ ਭੇਜਿਆ ਗਿਆ ਹੈ। ਜਿਸ ਦਾ ਵਿਸ਼ਾ ਇਹ ਹੈ ਕਿ ਜੇਕਰ ਆਪ ਬਿਨਾ ਕਿਸੇ ਸ਼ਰਤ ਦੇ ਕਿਸੇ ਨਿਸ਼ਾਨ ਨੂੰ ਵੇਖਣ ਦੇ ਬਾਦ ਸੱਚੇ ਮਨ ਨਾਲ ਮੁਸਲਮਾਨ ਹੋਣ ਲਈ ਤਿਆਰ ਹਨ। ਤਾਂ ਹੇਠਾਂ ਦਰਜ ਅਖ਼ਬਾਰਾਂ[1] ਵਿਚੱ ਆਪਣੇ ਵੱਲੋਂ ਹਲਫ਼ੀਆ ਬਿਆਨ, ਸੂਬਾ ਜੰਮੂ ਵਿਚੱ ਡਾਕਟਰ ਦੇ ਉਹਦੇ ਉੱਤੇ ਨਿਯੁੱਕਤ ਹਾਂ ਅਤੇ ਇਸ ਸਮੇਂ ਪੂਰੀ ਸੱਚਾਈ ਅਤੇ ਨੇਕ ਨੀਤੀ ਨਾਲ ਇਕਰਾਰ ਕਰਦਿਆਂ ਹੋਇਆਂ ਸੱਚਾਈ ਦੀ ਭਾਲ ਲਈ ਸੱਚੇ ਮਨ ਨਾਲ ਇਕਰਾਰ ਕਰਦਾ ਹਾਂ ਕਿ ਜੇਕਰ ਮੈਂ ਇਸਲਾਮ ਦੇ ਪਖੱ ਵਿਚੱ ਕੋਈ ਨਿਸ਼ਾਨ ਵੇਖਾਂ। ਜਿਸ ਦੀ ਉਧਾਰਣ ਮੈਂ ਪੈਸ਼ ਕਰਨ ਤੋਂ ਅਸਮਰਥ ਰਹਾਂ ਅਤੇ ਮਨੁੱਖੀ ਤਾਕਤ ਵਿਚੱ ਇਸ ਦਾ ਕੋਈ ਨਮੂਨਾ ਇਹਨਾਂ ਨੂੰ ਸਾਰੀਆਂ ਲੋੜੀਂਦੀਆਂ ਗੱਲਾਂ ਨਾਲ ਨ ਵਿਖਾ ਸਕਾਂ। ਤਾਂ ਬਿਨਾਂ ਦੇਰ ਕੀਤੀਆਂ

[1] ਪੰਜਾਬ ਗ਼ਜ਼ਟ ਸਿਆਲਕੋਟ, ਰਸਾਲਾ ਅੰਜੁਮਨ ਹਮਾਇਤੇ ਇਸਲਾਮ ਲਾਹੌਰ, ਨਾਜ਼ਿਮੁਲ ਹਿੰਦ ਲਾਹੌਰ, ਅਖ਼ਬਾਰੇ ਆਮ ਲਾਹੌਰ ਅਤੇ ਨੂਰ ਅਫ਼ਸ਼ਾਂ ਲੁਧਿਆਣਾ।

ਮੁਸਲਮਾਨ ਹੋ ਜਾਵਾਂਗਾ, ਇਸ ਘੋਸ਼ਣਾ, ਇਕਰਾਰ ਅਤੇ ਪ੍ਰਕਾਸ਼ਨ ਦੀ ਲੋੜ੍ਹ ਇਸ ਲਈ ਹੈ ਕਿ ਪਵਿਤੱਰ ਅਤੇ ਸਦਾ ਸਲਾਮਤ ਰਬੱ ਬਾਜ਼ੀਗਰੀ ਜਾਂ ਖੇਡ ਤਮਾਸ਼ੇ ਵਾਂਗ ਕੋਈ ਨਿਸ਼ਾਨ ਨਹੀਂ ਵਿਖਾਉਂਣਾ ਚਾਹੁੰਦਾ। ਜਦੱ ਤਕੱ ਕੋਈ ਮਨੁਖੱ ਪੂਰੀ ਵਿਨਮ੍ਰਤਾ ਅਤੇ ਸੁਮਾਰਗ ਪ੍ਰਾਪਤੀ ਦੇ ਉਦੇਸ਼ ਨਾਲ ਉਸ ਵਲੱ੍ਹ ਧਿਆਨ ਨ ਕਰੇ। ਤਦੱ ਤਕੱ ਉਹ ਮਿਹਰ ਦੀ ਦ੍ਰਿਸ਼ਟੀ ਨਹੀਂ ਕਰਦਾ। ਪ੍ਰਕਾਸ਼ਨ ਨਾਲ ਨੇਕੀ ਅਤੇ ਪੱਕਾ ਨਿਸ਼ਚਾ ਸਾਬਤ ਹੁੰਦਾ ਹੈ ਅਤੇ ਕਿਉਂਕਿ ਇਸ ਨਿਮਾਣੇ ਨੇ ਰਬੱ ਦੇ ਦਿੱਤੇ ਗਿਆਨ ਰਾਹੀਂ ਅਜਿਹੇ ਨਿਸ਼ਾਨਾਂ ਦੇ ਪ੍ਰਕਟ ਹੋਣ ਲਈ ਇਕੱ ਸਾਲ ਦੇ ਵਾਅਦੇ ਨਾਲ ਇਸ਼ਤਿਹਾਰ ਦੇ ਦਿੱਤਾ ਹੈ। ਸੋ, ਉਹੀ ਮਿਆਦ ਡਾਕਟਰ ਸਾਹਿਬ ਲਈ ਵੀ ਕਾਇਮ ਰਹੇਗੀ। ਸੱਚਾਈ ਦੇ ਜਾਚਕਾਂ ਲਈ ਇਹ ਕੋਈ ਵੱਡੀ ਮਿਆਦ ਨਹੀਂ। ਜੇਕਰ ਮੈਂ ਅਸਫ਼ਲ ਰਿਹਾ ਤਾਂ ਡਾਕਟਰ ਸਾਹਿਬ ਜੋ ਦੰਡ ਅਤੇ ਹਰਜਾਨਾ ਮੇਰੀ ਸਮਰਥਾ ਅਨੁਸਾਰ ਲਾਉਣਗੇ। ਉਹ ਮੈਨੂੰ ਮਨਜ਼ੂਰ ਹੈ ਅਤੇ ਬਖ਼ੁਦਾ ਮੈਨੂੰ ਪਰਾਜਿਤ ਹੋਣ ਦੀ ਅਵਸਥਾ ਵਿਚੱ ਮੌਤ ਦੇ ਦੰਡ ਤੋਂ ਵੀ ਕੋਈ ਉਜ਼ਰ ਨਹੀਂ।

| | |
|---|---|
| ਹਮਾਂ ਬਹ ਕਿ ਜਾਂ ਦਰ ਰਹੇ ਓ ਫ਼ਿਸ਼ਾਨਮ | ਜਹਾਂ ਰਾ ਚਹ ਨੁਕਸਾਂ ਅਗਰ ਮਨ ਨਮਾਨਮ[1] |

ਸਲਾਮਤੀ ਹੋਵੇ ਉਸ ਉੱਤੇ ਜਿਸ ਨੇ ਹਦਾਯਤ ਦੀ ਪੈਰਵੀ ਕੀਤੀ।

ਘੋਸ਼ਣਾ ਕਰਤਾ ਅਤੇ ਇਸ਼ਤਿਹਾਰ ਦਹਿੰਦਾ

ਖ਼ਾਕਸਾਰ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਫ਼ੀ ਅੱਲਾਹ ਅਨਹੁਮ 11 ਜਨਵਰੀ 1892 ਈ.

[1] ਇਹੀ ਚੰਗਾ ਹੈ ਕਿ ਮੈਂ ਆਪਣਾ ਜੀਵਨ ਉਸ ਦੀ ਰਾਹ ਵਿਚੱ ਕੁਰਬਾਨ ਕਰਾਂ। ਜੇਕਰ ਮੈਂ ਨ ਰਿਹਾ ਤਾਂ ਸੰਸਾਰ ਦਾ ਕੀ ਨੁਕਸਾਨ ਹੈ। (ਅਨੁਵਾਦਕ)

# ਨਿਆਏਕਾਰੀਆਂ ਦੇ ਧਿਆਨ ਯੋਗ

ਇਹ ਗਲੱ ਬਿਲਕੁਲੱ ਸਚੱ ਹੈ ਕਿ ਜਦੱ ਮਨ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਹਨ ਤਾਂ ਨ ਕੇਵਲ ਸ਼ਰੀਰਕ ਅੱਖਾਂ ਸਗੋਂ ਸਾਰੇ ਹਵਾਸ (ਬੋਧ) ਨਾਲ ਹੀ ਬੰਦ ਹੋ ਜਾਂਦੇ ਹਨ । ਫਿਰ ਮਨੁਖੱ ਵੇਖਦਿਆਂ ਹੋਇਆਂ ਵੀ ਨਹੀਂ ਵੇਖਦਾ ਅਤੇ ਸੁਣਦਿਆਂ ਹੋਇਆਂ ਵੀ ਨਹੀਂ ਸੁਣਦਾ ਅਤੇ ਸਮਝਦਿਆਂ ਹੋਇਆਂ ਵੀ ਨਹੀਂ ਸਮਝਦਾ ਅਤੇ ਮੂੰਹ ਤੋਂ ਸੱਚਾਈ ਜਾਰੀ ਨਹੀਂ ਹੋ ਸਕਦੀ । ਵੇਖੋ ਸਾਡੇ ਪਿਆਰੇ ਮੌਲਵੀ ਸਾਹਿਬ ਕਿੰਨ੍ਹੇ ਸੂਝਵਾਨ ਹੋ ਕੇ ਵੀ ਈਰਖਾ ਕਰਕੇ ਨਾਦਾਨੀ ਵਿਚੱ ਡੁਬੱ ਗਏ । ਧਾਰਮਿਕ ਦੁਸ਼ਮਣਾ ਵਾਂਗ ਅਖੀਰ ਝੂਠੱ ਉੱਤੇ ਆ ਗਏ । ਇਕੱ ਸਾਹਿਬ ਇਸ ਨਿਮਾਣੇ ਬਾਰੇ ਲਿਖੱਦੇ ਹਨ ਕਿ ਆਪਣੇ ਇਕੱ ਲੜ੍ਹਕੇ ਬਾਰੇ ਇਲਹਾਮ ਰਾਹੀਂ ਖ਼ਬਰ ਦਿੱਤੀ ਸੀ ਕਿ ਇਹ ਬਕਮਾਲ ਹੋਵੇਗਾ ਜਦੱਕਿ ਉਹ ਕੇਵਲ ਕੁਝੱ ਮਹੀਨੇ ਜੀ ਕੇ ਮਰ ਗਿਆ । ਮੈਨੂੰ ਹੈਰਾਨੀ ਹੈ ਕਿ ਇਹਨਾਂ ਕਾਹਲੇ ਮੌਲਵੀਆਂ ਨੂੰ ਅਜਿਹੀਆਂ ਗੱਲਾਂ ਦੇ ਆਖਣ ਸਮੇਂ ਕਿਉਂ لَعنَتَ اللهِ عَلَى الكٰذِبِينَ[1] 'ਲਾਨਤੁੱਲਾਹਿ ਅਲਲ ਕਾਜ਼ਿਬੀਨ' ਕੁਰਆਨੇ ਕਰੀਮ ਦੀ ਆਇਤ ਚੇਤੇ ਨਹੀਂ ਰਹਿੰਦੀ ਅਤੇ ਕਿਉਂ ਇਕੱ ਵਾਰ ਆਪਣੇ ਅੰਦਰਲੇ ਕੋਹੜ ਅਤੇ ਇਸਲਾਮ ਦੁਸ਼ਮਣੀ ਨੂੰ ਵਿਖਾਉਣ ਵਿਚੱ ਲੱਗੇ ਹਨ । ਜੇਕਰ ਕੁਝੱ ਸ਼ਰਮ ਹੋਵੇ ਤਾਂ ਹੁਣ ਇਸ ਗਲੱ ਦਾ ਕੋਈ ਸਬੂਤ ਦੇਣ ਕਿ ਇਸ ਆਜਿਜ਼ ਦੇ ਕਿਹੜ੍ਹੇ ਇਲਹਾਮ

[1] ਝੂਠਿਆਂ ਉੱਤੇ ਰਬੱ ਦੀ ਲਾਨ੍ਹਤ ਹੋਵੇ--ਸੂਰਤ ਆਲਿ ਇਮਰਾਨ ਆਇਤ ਨੰਬਰ 62-ਅਨੁਵਾਦਕ

ਵਿਚੱ ਲਿਖਿੱਆ ਗਿਆ ਹੈ ਕਿ ਉਹੀ ਲੜ੍ਹਕਾ ਜੋ ਫ਼ੌਤ ਹੋ ਗਿਆ ਹੈ। ਵਾਸਤਵ ਵਿਚੱ ਕੇਵਲ ਸੰਖੇਪ ਰੂਪ ਵਿਚੱ ਖ਼ਬਰ ਹੈ ਕਿ ਅਜਿਹਾ ਲੜ੍ਹਕਾ ਪੈਦਾ ਹੋਵੇਗਾ ਅਤੇ ਰਬੱ ਦੇ ਪਾਕ ਇਲਹਾਮ ਨੇ ਕਿਸੇ ਨੂੰ ਸੰਕੇਤ ਕਰਕੇ ਇਸ ਭਵਿਖੱਬਾਣੀ ਦਾ ਚਰਿਤੱਰਾਥ ਨਹੀਂ ਠਹਿਰਾਇਆ। ਸਗੋ ਇਸ਼ਤਿਹਾਰ ਫ਼ਰਵਰੀ 1886 ਈ. ਵਿਚੱ ਇਹ ਭਵਿਖੱਬਾਣੀ ਮੌਜੂਦ ਹੈ ਕਿ ਕੁਝੱ ਲੜ੍ਹਕੇ ਛੋਟੀ ਉਮਰ ਵਿਚੱ ਫ਼ੌਤ ਵੀ ਹੋਣਗੇ। ਫਿਰ ਇਸ ਬੱਚੇ ਦੇ ਫ਼ੌਤ ਹੋਣ ਨਾਲ ਇਕੱ ਭਵਿਖੱਬਾਣੀ ਪੂਰੀ ਹੋਈ ਜਾਂ ਕੋਈ ਭਵਿਖੱਬਾਣੀ ਝੂੱਠੀ ਨਿਕਲੀ। ਹੁਣ ਮਨ ਲਓ ਕਿ ਜੇਕਰ ਅਸੀਂ ਇਹ ਆਪਣੇ ਇਜਤਿਹਾਦ (ਅਧਿਕਾਰਤ ਸੋਚ ਵਿਚਾਰ ਅਨੁਸਾਰ ਕੀਤਾ ਨਿਸ਼ਚੇ) ਅਨੁਸਾਰ ਕਿਸੇ ਆਪਣੇ ਬੱਚੇ ਲਈ ਇਹ ਵਿਚਾਰ ਵੀ ਕਰ ਲਈਏ ਕਿ ਸੰਭਵਤਾ ਇਹ ਬੱਚਾ ਉਹੀ ਵਾਅਦਾ ਦਿੱਤਾ ਗਿਆ ਪੁਤੱਰ ਹੈ ਅਤੇ ਸਾਡੀ ਸੋਚ ਖਾਲੀ ਜਾਏ ਤਾਂ ਇਸ ਵਿਚੱ ਇਲਾਹੀ ਇਲਹਾਮ (ਭਵਿਖੱਬਾਣੀ) ਦਾ ਕੀ ਕੁਸੂਰ ਹੋਵੇਗਾ। ਕੀ ਨਬੀਆਂ ਦੇ ਇਜਤਿਹਾਦਾਂ ਵਿਚੱ ਇਸ ਦੀ ਕੋਈ ਉਧਾਰਣ ਨਹੀਂ ! ਜੇਕਰ ਅਸੀਂ ਆਪਣੇ ਫ਼ੌਤ ਹੋਏ ਪੁਤੱਰ ਬਾਰੇ ਪੱਕੀਆਂ ਦਲੀਲਾਂ ਨਾਲ ਕੋਈ ਇਲਹਾਮ ਲਿਖਿੱਆ ਤਾਂ ਉਹ ਪੈਸ਼ ਕਰੋ। ਝੂਠੱ ਬੋਲਣਾ ਅਤੇ ਗੰਦ ਖਾਣਾ ਇਕੱ ਬਰਾਬਰ ਹੈ। ਹੈਰਾਨੀ ਹੈ ਕਿ ਇਹਨਾ ਲੋਕਾਂ ਨੂੰ ਗੰਦ ਖਾਣ ਦਾ ਚਾਅ ਕਿਉਂ ਚੜ੍ਹੱ ਗਿਆ। ਅਜੱ ਤਕੱ ਸੈਂਕੜਿਆਂ ਭਵਿਖੱਬਾਣੀਆਂ ਅਤੇ ਇਲਹਾਮ ਆਪਣੀ

ਸੱਚਾਈ ਨਾਲ ਪ੍ਰਕਟ ਹੋ ਚੁੱਕੇ ਹਨ। ਜੋ ਦੁਨੀਆ ਭਰ ਵਿਚੱ ਮਸ਼ਹੂਰ ਹੋਏ। ਪਰ ਇਹਨਾ ਮੌਲਵੀਆਂ ਨੇ ਇਸਲਾਮ ਨਾਲ ਸਹਿਯੋਗ ਦੇ ਮਾਰਗ ਰਾਹੀਂ ਕਿਸੇ ਇਕੱ ਦਾ ਵੀ ਜ਼ਿਕਰ ਨਹੀ ਕੀਤਾ। ਦਲੀਪ ਸਿੰਘ ਦੇ ਭਾਰਤ ਅਤੇ ਪੰਜਾਬ ਦੇ ਭਰਮਣ ਦੇ ਨਿਸ਼ਚੇ ਦਾ ਅਸਫ਼ਲ ਰਹਿਣਾ ਸੈਂਕੜਿਆਂ ਲੋਕਾਂ ਨੂੰ ਸਮੇਂ ਤੋਂ ਪਹਿਲਾਂ ਦਸਿੱਆ ਗਿਆ। ਕਈ ਹਿੰਦੂਆਂ ਨੂੰ ਪੰਡਿਤ ਦਯਾ ਨੰਦ ਦੀ ਮੌਤ ਦੀ ਖ਼ਬਰ ਉਸ ਦੇ ਮਰਨ ਤੋਂ ਕੁਛੱ ਮਹੀਨੇ ਪਹਿਲਾਂ ਦਸੱ ਦਿੱਤੀ ਗਈ ਸੀ ਅਤੇ ਇਹ ਲੜ੍ਹਕਾ ਬਸ਼ੀਰ-ਉਦੱ-ਦੀਨ ਮਹਮੂਦ ਜੋ ਪਹਿਲੇ ਲੜ੍ਹਕੇ ਦੀ ਮੌਤ ਦੇ ਬਾਦ ਪੈਦਾ ਹੋਇਆ। ਇਕੱ ਇਸ਼ਤਿਹਾਰ ਰਾਹੀਂ ਪੈਦਾਇਸ਼ ਤੋਂ ਪਹਿਲਾਂ ਖ਼ਬਰ ਦੇ ਦਿੱਤੀ ਗਈ ਸੀ। ਸਰਦਾਰ ਮੁਹੰਮਦ ਹਯਾਤ ਖਾਨ ਦੇ ਮੁਆਤਲੀ ਦੇ ਕਾਲ ਵਿਚੱ ਉਹਨਾ ਦੇ ਮੁੜ੍ਹ ਬਹਾਲ ਹੋਣ ਦੀ ਖ਼ਬਰ ਲੋਕਾਂ ਨੂੰ ਸੁਣਾ ਦਿੱਤੀ ਗਈ ਸੀ। ਸ਼ੇਖ਼ ਮਿਹਰ ਅਲੀ ਸਾਹਿਬ ਰਈਸ ਹੁਸ਼ਿਆਰਪੁਰ ਉੱਤੇ ਮੁਸੀਬਤ ਦੇ ਆਉਣ ਦੇ ਸਮੇਂ ਤੋਂ ਪਹਿਲਾਂ ਪ੍ਰਕਟ ਕਰ ਦਿੱਤਾ ਗਿਆ ਸੀ ਅਤੇ ਫ਼ਿਰ ਉਹਨਾ ਦੇ ਬਰੀ ਹੋਣ ਦੀ ਖ਼ਬਰ ਵੀ ਸਮੇਂ ਤੋਂ ਪਹਿਲਾਂ ਪਹੁੰਚਾਈ ਗਈ ਸੀ। ਸਗੋਂ ਸੈਂਕੜ੍ਹੀਆਂ ਲੋਕਾਂ ਵਿਚੱ ਪ੍ਰਸਿਧੱ ਕੀਤੀ ਗਈ ਸੀ। ਇਸੇ ਪ੍ਰਕਾਰ ਸੈਂਕੜ੍ਹੇ ਅਜਿਹੇ ਨਿਸ਼ਾਨ ਹਨ। ਜਿੰਨ੍ਹਾਂ ਦੇ ਗਵਾਹ ਮੌਜੂਦ ਹਨ। ਕੀ ਦੀਨਦਾਰ ਮੌਲਵੀਆਂ ਨੇ ਕਦੇ ਇਹਨਾਂ ਨਿਸ਼ਾਨਾਂ ਦਾ ਨਾਂ ਵੀ ਲਿਆ ਹੈ। ਜਿੰਨ੍ਹਾਂ ਦੇ ਮਨ ਉੱਤੇ ਰਬੱ ਮੋਹਰ ਕਰ ਦੇਵੇ। ਉਹਨਾਂ ਦੇ ਦਿਲ੍ਹ

ਕੌਣ ਖੋਲ੍ਹੇ । ਹੁਣ ਵੀ ਇਹ ਲੋਕ ਚੇਤੇ ਰਖੱਣ ਕਿ ਇਹਨਾਂ ਦੇ ਵੈਰ ਨਾਲ ਇਸਲਾਮ ਨੂੰ ਕੁਝੱ ਵੀ ਖ਼ਤਰਾ ਨਹੀਂ ਪਹੁੰਚ ਸਕਦਾ । ਕੀੜਿਆਂ ਵਾਂਗ ਆਪ ਹੀ ਮਰ ਜਾਣਗੇ । ਪਰ ਇਸਲਾਮ ਦਾ ਨੂਰ ਦਿਨ ਪ੍ਰਤੀਦਿਨ ਫੈਲੇਗਾ । ਰਬੱ ਨੇ ਚਾਹਿਆ ਹੈ ਕਿ ਇਸਲਾਮ ਦਾ ਨੂਰ ਦੁਨੀਆ ਵਿਚੱ ਫੈਲਾਏ । ਇਸਲਾਮ ਦੀਆਂ ਬਰਕਤਾਂ ਹੁਣ ਇਹਨਾ ਭਿਣਕਦੀਆਂ ਮੱਖੀਆਂ ਦੇ ਸੁਭਾਵ ਵਾਲੇ ਮੌਲਵੀਆਂ ਦੀ ਬਕੱ ਬਕੱ ਨਾਲ ਰੁਕੱ ਨਹੀਂ ਸਕਦੀਆਂ । ਰਬੱ ਨੇ ਮੈਨੂੰ ਸੰਬੋਧਨ ਕਰਕੇ ਸਾਫ਼ ਸ਼ਬਦਾਂ ਵਿਚੱ ਫ਼ਰਮਾਇਆ ਹੈ ਕਿ انا الفتاح افتح لك ترى نصرا عجيبا و يخرون على المساجد۔ربنا اغفرلنا انا كنا خاطئين۔جلابيب الصدق فاستقم كما امرت الخوارق تحت منتهى صدق الاقدام۔ كن لله جميعا ومع الله جميعا عسىٰ ان يبعثك ربك مقاما محمودا ਅਰਥਾਤ ਮੈਂ ਤੇਰੀ ਫ਼ਤਹਿ (ਜਿਤੱ) ਹਾਂ ਅਤੇ ਤੈਨੂੰ ਜਿਤੱ ਪ੍ਰਦਾਨ ਕਰਾਂਗਾ । ਇਕੱ ਅਜੀਬ ਮਦਦ ਤੂੰ ਵੇਖੇਗਾ ਅਤੇ ਇੰਨਕਾਰੀ ਅਰਥਾਤ ਉਹਨਾਂ ਵਿੱਚੋਂ ਕਈ ਜਿੰਨ੍ਹਾ ਦੇ ਸੁਭਾਗ ਵਿਚੱ ਸੁਮਾਰਗ ਮੁਕਦੱਰ ਹੈ । ਆਪਣੇ ਸਜੱਦਿਆਂ ਦੀਆਂ ਥਾਵਾਂ ਉੱਤੇ ਡਿਗੱਣਗੇ । ਇਹ ਕਹਿੰਦਿਆਂ ਹੋਇਆਂ ਕਿ ਹੇ ਸਾਡੇ ਰਬੱ ! ਸਾਡੇ ਪਾਪ ਬਖ਼ਸ਼ । ਅਸੀਂ ਗ਼ਲਤੀ ਉਪੱਰ ਸੀ । ਇਹ ਸੱਚਾਈ ਦੇ ਬੁਨਕਰ ਹਨ । ਜੋ ਪ੍ਰਕਟ ਹੋਣਗੇ । ਸੋ, ਜਿਵੇਂ ਕਿ ਤੈਨੂੰ ਹੁਕੁਮ ਦਿੱਤਾ ਗਿਆ ਹੈ । ਮਜ਼ਬੁਤੀ ਰਖੱ ਨਿਸ਼ਾਨ ਅਰਥਾਤ ਕਰਾਮਾਤਾਂ ਅਤੇ ਚਮਤਕਾਰ ਉਸ ਮੌਕੇ ਉੱਤੇ ਪ੍ਰਕਟ ਹੁੰਦੇ ਹਨ । ਜੋ ਅਤਿਅੰਤ ਦਰਜੇ ਦਾ ਸਚੱ ਹੋਵੇ । ਤੂੰ ਸਾਰਾ ਰਬੱ ਲਈ ਹੋ ਜਾ । ਤੂੰ ਸਾਰਾ ਰਬੱ ਦੇ ਨਾਲ

ਹੋ ਜਾ । ਤੈਨੂੰ ਰਬੱ ਉਸ ਮੁਕਾਮ ਤਕੱ ਚੁੱਕੇਗਾ । ਜਿਸ ਵਿਚੱ ਤੂੰ ਪ੍ਰਸ਼ੰਸਾ ਕੀਤਾ ਜਾਏਗਾ ਅਤੇ ਇਕੱ ਇਲਹਾਮ ਵਿਚੱ ਕਈ ਵਾਰੀ ਤਕਰਾਰ (ਬਲੱ ਦੇ ਕੇ) ਅਤੇ ਕਿਸੇ ਹਦੱ ਤਕੱ ਭਿੰਨਤਾ ਦੇ ਅਖਰਾਂ ਵਿਚੱ ਫ਼ਰਮਾਇਆ ਕਿ ਮੈਂ ਤੈਨੂੰ ਸਨਮਾਨ ਦਿਆਂਗਾ ਅਤੇ ਵਧਾਵਾਂਗਾ ਅਤੇ ਤੇਰੇ ਪ੍ਰਭਾਵ ਵਿਚੱ ਬਰਕਤ ਰਖੱ ਦਿਆਂਗਾ । ਇੱਥੋਂ ਤਕੱ ਕਿ ਬਾਦਸ਼ਾਹ ਤੇਰੇ ਵਸਤਰਾਂ ਵਿਚੱ ਬਰਕਤ ਢੂੰਡਣਗੇ । ਹੁਣ ਹੇ ਮੌਲਵੀਓਂ ! ਹੇ ਲੋਭੀਓਂ ! ਜੇਕਰ ਤਾਕਤ ਹੈ ਤਾਂ ਰਬੱ ਦੀਆਂ ਇਹਨਾ ਭਵਿਖੱਬਾਣੀਆਂ ਨੂੰ ਟਾਲ ਕੇ ਵਿਖਾਓ । ਹਰ ਪ੍ਰਕਾਰ ਦੇ ਧੋਖੇ ਕੰਮ ਵਿਚੱ ਲਿਆਓ ਅਤੇ ਕੋਈ ਫ਼ਰੇਬ ਨ ਛੱਡੋ । ਫਿਰ ਵੇਖੋ, ਅਖੀਰ ਰਬੱ ਦਾ ਹਥੱ ਸਫ਼ਲ ਰਹਿੰਦਾ ਹੈ ਜਾਂ ਤੁਹਾਡਾ ।

ਸਲਾਮਤੀ ਹੋਵੇ ਉਸ ਉੱਤੇ ਜਿਸ ਨੇ ਹਦਾਯਤ ਦੀ ਪੈਰਵੀ ਕੀਤੀ ।

ਚੇਤਾਵਨੀ ਅਤੇ ਨਸੀਹਤ ਕਰਨ ਵਾਲਾ

ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

# ਮੀਰ ਅੱਬਾਸ ਅਲੀ ਸਾਹਿਬ ਲੁਧਿਆਣਵੀ

| | |
|---|---|
| ਚੂ ਬਿਸ਼ਨਵੀ ਅਹਿਲੇ ਦਿਲ ਮਗੋ ਕਿ ਖ਼ਤਾ ਅਸਤ | ਸੁਖ਼ਨ ਸ਼ਨਾਸ ਨਹਿ ਦਿਲਬਰਾ ਖ਼ਤਾ ਈਂਜਾ ਅਸਤ[1] |

ਇਹ ਮੀਰ ਸਾਹਿਬ ਉਹੀ ਵਿਅਕਤੀ ਹਨ । ਜਿੰਨ੍ਹਾ ਦਾ ਜ਼ਿਕਰ ਮੈਂ ਆਪਣੀ ਕਿਤਾਬ 'ਅਜ਼ਾਲਾ ਓਹਾਮ' ਦੇ ਪੰਨਾ 790 ਵਿਚੱ ਬੈਅਤ

[1] ਜਦੱ ਤੂੰ ਦਿਲੂ ਵਾਲਿਆਂ ਦੀ ਕੋਈ ਗਲੱੂ ਸੁਣੇ ਤਾਂ ਨ ਕਹਿ ਕਿ ਗ਼ਲਤ ਹੈ । ਤੂੰ ਗਲੱੂ ਸਮਝ ਨਹੀਂ ਸਕਦਾ, ਗ਼ਲਤੀ ਤਾਂ ਇਹੀ ਹੈ । (ਅਨੁਵਾਦਕ)

ਕਰਨ ਵਾਲਿਆਂ ਦੀ ਜਮਾਅਤ ਵਿਚੱ ਲਿਖਿੱਆ ਹੈ। ਦੁਖੱ ਦੀ ਗਲੱ ਹੈ ਕਿ ਕੁਝੱ ਭਰਮਾਉਣ ਵਾਲਿਆਂ ਦੇ ਭਰਮਾ ਵਿਚੱ ਗ੍ਰਿਸਤ ਹੋ ਕੇ ਫਿਰ ਗਏ। ਸਗੋਂ ਜਮਾਅਤ ਦੇ ਦੁਸ਼ਮਣਾਂ ਵਿਚੱ ਦਾਖ਼ਲ ਹੋ ਗਏ। ਕਈ ਲੋਕ ਹੈਰਾਨ ਹੋਣਗੇ ਕਿ ਇਹਨਾ ਬਾਰੇ ਤਾਂ ਇਲਹਾਮ ਹੋਇਆ ਸੀ ਕਿ اصلها ثابت وفرعها فى السماء 'ਅਸਲੁਹਾ ਸਾਬਿਤੁਨ ਵ ਫ਼ਰਉਹਾ ਫ਼ਿਸੱਮਾਅ' ਇਸ ਦਾ ਇਹ ਉਤੱਰ ਹੈ ਕਿ ਇਲਹਾਮ ਦੇ ਕੇਵਲ ਐਨ੍ਹੇ ਅਰਥ ਹਨ ਕਿ ਅਸਲ ਇਸ ਦਾ ਸਾਬਤ ਹੈ ਅਤੇ ਆਕਾਸ਼ ਵਿਚੱ ਇਸ ਦੀਆਂ ਸ਼ਾਖ਼ਾਵਾਂ ਹਨ। ਇਸ ਵਿਚੱ ਨਿਰਧਾਰਤ ਨਹੀਂ ਕਿ ਉਹ ਵਿਸ਼ਵਾਸ ਦੇ ਪੱਖੋਂ ਆਪਣੇ ਸੁਭਾਉ ਦੀ ਕਿਹੜੀ ਗਲੱ ਉੱਤੇ ਸਾਬਤ (ਪੱਕੇ) ਹਨ। ਨਿਰਸੰਦੇਹ ਇਹ ਗਲੱ ਮੰਨ੍ਹਣ ਯੋਗ ਹੈ ਕਿ ਮਨੁਖੱ ਵਿਚੱ ਕੋਈ ਨ ਕੋਈ ਸੁਭਾਵਕ ਖ਼ੂਬੀ ਹੁੰਦੀ ਹੈ। ਜਿਸ ਉੱਤੇ ਉਹ ਸਦਾ ਸਾਬਤ ਅਤੇ ਪੱਕਾ ਰਹਿੰਦਾ ਹੈ ਅਤੇ ਜੇਕਰ ਇਕੱ ਕਾਫ਼ਰ ਕੁਫ਼ਰ ਵਿੱਚੋਂ ਨਿਕਲ ਕੇ ਇਸਲਾਮ ਵਿਚੱ ਆਏ ਤਾਂ ਉਹ ਸੁਭਾਵਕ ਖ਼ੂਬੀ ਨਾਲ ਹੀ ਆਉਂਦਾ ਹੈ ਅਤੇ ਜੇਕਰ ਫਿਰ ਇਸਲਾਮ ਤੋਂ ਫ਼ਿਰ ਕੇ ਕੁਫ਼ਰ ਵਲੱ ਜਾਏ ਤਾਂ ਆਪਣੀ ਸੁਭਾਵਕ ਖ਼ੂਬੀ ਨਾਲ ਹੀ ਜਾਂਦਾ ਹੈ ਕਿਉਂਕਿ ਰਬੱ ਦੇ ਸੁਭਾਉ ਅਤੇ ਉਸ ਦੀ ਮਖ਼ਲੂਕ ਵਿਚੱ ਤਬਦੀਲੀ ਅਤੇ ਪਰਿਵਰਤਨ ਨਹੀਂ। ਭਿੰਨ ਭਿੰਨ ਲੋਕ ਵਖੱ ਵਖੱ ਪ੍ਰਕਾਰ ਦੀਆਂ ਕਾਨਾਂ ਵਾਂਗ ਹਨ। ਕੋਈ ਸੋਨੇ ਦੀ ਕਾਨ, ਕੋਈ ਚਾਂਦੀ ਦੀ ਕਾਨ, ਕੋਈ ਪਿਤੱਲ ਦੀ ਕਾਨ। ਸੋ, ਜੇਕਰ ਇਸ ਇਲਹਾਮ ਵਿਚੱ ਮੀਰ ਸਾਹਿਬ

ਦੀ ਕਿਸੇ ਸੁਭਾਵਕ ਖ਼ੂਬੀ ਦਾ ਜ਼ਿਕਰ ਹੋਵੇ। ਜੋ ਬਦਲਣ ਵਾਲੀ ਨ ਹੋਵੇ ਤਾਂ ਕੋਈ ਹੈਰਾਨੀ ਨਹੀਂ ਅਤੇ ਨ ਹੀ ਕੋਈ ਇਤਰਾਜ਼ ਵਾਲੀ ਗਲੱ ਹੈ। ਨਿਰਸੰਦੇਹ ਇਹ ਮੰਨ੍ਹੀ ਗਲੱ ਹੈ ਕਿ ਮੁਸਲਮਾਨ ਤਾਂ ਮੁਸਲਮਾਨ ਹਨ। ਕੁਫ਼ਾਰ ਵਿਚੱ ਵੀ ਕਈ ਸੁਭਾਵਕ ਖ਼ੂਬੀਆਂ ਹੁੰਦੀਆਂ ਹਨ ਅਤੇ ਕਈ ਚੰਗੇ ਆਚਰਣ ਸੁਭਾਵਕ ਹੀ ਉਹਨਾ ਨੂੰ ਹਾਸਲ ਹੁੰਦੇ ਹਨ। ਰਬੱ ਨੇ ਪੂਰਨਤਾ ਅੰਧਕਾਰ ਅਤੇ ਨਿਰੇ ਪੂਰੇ ਹਨ੍ਹੇਰੇ ਵਿਚੱ ਕਿਸੇ ਚੀਜ਼ ਨੂੰ ਵੀ ਪੈਦਾ ਨਹੀਂ ਕੀਤਾ। ਹਾਂ, ਇਹ ਸਚੱ ਹੈ ਕਿ ਕੋਈ ਸੁਭਾਵਕ ਖ਼ੂਬੀ ਸੁਮਾਰਗ ਹਾਸਲ ਕਰਨ ਦੇ ਬਿਨਾਂ ਜਿਸ ਦਾ ਕਿਸੇ ਦੂਜੇ ਸ਼ਬਦਾਂ ਵਿਚੱ ਇਸਲਾਮ ਨਾਂ ਹੈ। ਪਰਲੈ ਦੀ ਮੁਕਤੀ ਦਾ ਮੂਜਬ ਨਹੀਂ ਹੋ ਸਕਦੀ। ਕਿਉਂਕਿ ਉਤੱਮ ਦਰਜੇ ਦੀ ਖ਼ੂਬੀ ਇਮਾਨ, ਰਬੱ ਦੀ ਸ਼ਨਾਖ਼ਤ, ਸਿੱਧੇ ਰਸਤੇ ਉਪੱਰ ਕੁਝੱ ਵੀ ਨਹੀਂ ਹਨ। ਇਸ ਤੋਂ ਬਿਨਾਂ ਇਹ ਇਲਹਾਮ ਉਸ ਸਮੇਂ ਦਾ ਹੈ ਜਦੱ ਕਿ ਮੀਰ ਸਾਹਿਬ ਵਿਚੱ ਪਕਿੱਆਈ ਮੌਜੂਦ ਸੀ। ਜ਼ਬਰਦਸਤ ਆਸਥਾ ਦੀ ਸ਼ਕਤੀ ਸੀ ਅਤੇ ਆਪਣੇ ਦਿਲ੍ਹ ਵਿਚੱ ਵੀ ਉਹ ਇਹੀ ਵਿਚਾਰ ਰਖੱਦੇ ਸਨ। ਮੈਂ ਅਜਿਹਾ ਹੀ ਦ੍ਰਿੜ੍ਹ ਪੈਰੀਂ ਰਹਾਂਗਾ। ਸੋ, ਰਬੱ ਨੇ ਉਸ ਸਮੇਂ ਦੀ ਵਰਤਮਾਨ ਅਵਸਥਾ ਬਾਰੇ ਖ਼ਬਰ ਦੇ ਦਿੱਤੀ। ਇਹ ਗਲੱ ਰਬੱ ਦੀ ਵਹੀ ਦੀ ਸਿਖਿੱਆ ਵਿਚੱ ਦਰਜ ਅਤੇ ਪਰੀਚਿਤ ਹੈ ਕਿ ਉਹ ਵਰਤਮਾਨ ਹਾਲਤ ਅਨੁਸਾਰ ਖ਼ਬਰ ਦਿੰਦਾ ਹੈ। ਕਿਸੇ ਦੇ ਕਾਫ਼ਰ ਹੋਣ ਦੀ ਹਾਲਤ ਵਿਚੱ ਉਸ ਦਾ ਨਾਂ ਕਾਫ਼ਰ ਹੀ ਰਖੱਦਾ ਹੈ ਅਤੇ ਉਸ

ਦੇ ਮੋਮਿਨ ਹੋਣ ਅਤੇ ਸਾਬਤ ਕਦਮ ਹੋਣ ਦੀ ਹਾਲਤ ਵਿਚੱ ਉਸ ਦਾ ਨਾਂ ਮੋਮਿਨ, ਮੁਖ਼ਲਸ (ਨੇਕ, ਚੰਗੇ ਆਚਰਣਾ ਵਾਲਾ) ਅਤੇ ਸਾਬਤ ਕਦਮ ਹੀ ਰਖੱਦਾ ਹੈ। ਰਬੱ ਦੇ ਕਲਾਮ ਵਿਚੱ ਇਸ ਦੇ ਨਮੂਨੇ ਬਹੁਤ ਹਨ ਅਤੇ ਇਸ ਵਿਚੱ ਕੋਈ ਸੰਦੇਹ ਨਹੀਂ ਕਿ ਉਕੱਤ ਮੀਰ ਸਾਹਿਬ ਦਸੱ ਸਾਲ ਤਕੱ ਬਹੁਤ ਨੇਕੀ, ਪ੍ਰੇਮ ਅਤੇ ਪੱਕੇ ਪੈਰੀਂ ਇਸ ਨਿਮਾਣੇ ਦੇ ਮੁਖ਼ਲਿਸਾਂ (ਨੇਕ ਲੋਕਾਂ) ਵਿੱਚ ਸ਼ਾਮਲ ਰਹੇ ਅਤੇ ਨੇਕੀ ਅਤੇ ਜੋਸ਼ ਕਰਕੇ ਬੈਅਤ ਕਰਨ ਸਮੇਂ ਨ ਕੇਵਲ ਆਪ ਇੰਨ੍ਹਾ ਨੇ ਬੈਅਤ ਕੀਤੀ। ਸਗੋਂ ਆਪਣੇ ਹੋਰਨਾਂ ਰਿਸ਼ਤੇਦਾਰਾਂ, ਸਜੱਣਾ ਅਤੇ ਮਿਤੱਰਾਂ ਅਤੇ ਸੰਬੰਧੀਆਂ ਨੂੰ ਵੀ ਇਸ ਜਮਾਅਤ ਵਿਚੱ ਦਾਖ਼ਲ ਕੀਤਾ ਅਤੇ ਇਸ ਦਸੱ ਸਾਲਾਂ ਦੇ ਕਾਲ ਵਿਚੱ ਜਿੰਨ੍ਹੀ ਨੇਕੀ ਅਤੇ ਆਸਥਾ ਨਾਲ ਭਰੇ ਹੋਏ ਪਤੱਰ ਭੇਜੇ। ਉਹਨਾਂ ਦਾ ਇਸ ਸਮੇਂ ਅਨੁਮਾਨ ਵਰਨਣ ਨਹੀਂ ਕੀਤਾ ਜਾ ਸਕਦਾ। ਪਰ ਦੋ ਸੌ ਦੇ ਲਗਭਗ ਹੁਣ ਵੀ ਮੇਰੇ ਕੋਲ੍ਹ ਅਜਿਹੇ ਪਤੱਰ ਹਨ। ਜਿੰਨ੍ਹਾ ਵਿਚੱ ਇਹਨਾ ਨੇ ਅਤਿਅੰਤ ਕੋਟਿ ਦੀ ਵਿਨਮ੍ਰਤਾ ਅਤੇ ਆਜਜ਼ੀ ਨਾਲ ਆਪਣੀ ਨੇਕੀ ਅਤੇ ਆਸਥਾ ਦਾ ਵਰਨਣ ਕੀਤਾ ਹੈ। ਸਗੋਂ ਕਈ ਪਤੱਰਾਂ ਵਿਚੱ ਆਪਣੇ ਉਹ ਸੁਪਨੇ ਵੀ ਲਿੱਖੇ ਹਨ। ਜਿੰਨ੍ਹਾ ਵਿਚੱ ਸੰਭਵਤਾ ਰੂਹਾਨੀ ਤੌਰ ਉੱਤੇ ਉਹਨਾਂ ਦੀ ਪ੍ਰਮਾਣਿਕਤਾ ਹੋਈ ਹੈ ਕਿ ਇਹ ਆਜਿਜ਼ (ਵਿਨਮ੍ਰ) ਰਬੱ ਵੱਲੋਂ ਹੈ ਅਤੇ ਇਸ ਵਿਨਮ੍ਰ ਦੇ ਵਿਰੋਧੀ ਝੂਠੱ ਉੱਤੇ ਹਨ ਅਤੇ ਭਾਵ ਇਹ ਕਿ ਉਹ ਆਪਣੇ ਸੁਪਨਿਆਂ ਦੇ ਆਧਾਰ ਉੱਤੇ ਆਪਣਾ ਪੱਕੇ ਪੈਰ੍ਹੀਂ ਹੋਣਾ ਪ੍ਰਕਟ

ਕਰਦੇ ਹਨ ਕਿ ਸੰਭਵਤਾ ਉਹ ਇਸ ਜਹਾਨ ਅਤੇ ਉਸ ਜਹਾਨ ਵਿਚੱ ਸਾਡੇ ਨਾਲ ਹਨ । ਇਸੇ ਪ੍ਰਕਾਰ ਹੀ ਉਹਨਾਂ ਨੇ ਲੋਕਾਂ ਵਿਚੱ ਆਪਣੇ ਬਹੁਤ ਸਾਰੇ ਸੁਪਨੇ ਪ੍ਰਸਿਧੱ ਕੀਤੇ ਹਨ ਅਤੇ ਆਪਣੇ ਮੁਰੀਦਾਂ ਦੇ ਸਹਿਚਾਰੀਆਂ ਨੂੰ ਦੱਸੇ । ਹੁਣ ਸਪਸ਼ਟ ਹੈ ਕਿ ਜਿਸ ਵਿਅਕਤੀ ਨੇ ਐਨ੍ਹੇ ਜੋਸ਼ ਨਾਲ ਆਪਣੀ ਗੁਣਵੱਤਾ ਨੂੰ ਪ੍ਰਕਟ ਕੀਤਾ । ਅਜਿਹੇ ਵਿਅਕਤੀ ਦੀ ਵਰਤਮਾਨ ਹਾਲਤ ਬਾਰੇ ਜੇਕਰ ਰਬੱ ਵੱਲੋਂ ਇਲਹਾਮ ਹੋਵੇ ਕਿ ਇਹ ਵਿਅਕਤੀ ਇਸ ਸਮੇਂ ਸਾਬਤ ਕਦਮ ਹੈ। ਥਿੜ੍ਹਕਿਆ ਹੋਇਆ ਨਹੀਂ। ਤਾਂ ਕੀ ਇਸ ਇਲਹਾਮ ਨੂੰ ਘਟਨਾ ਵਿਰੁਧੱ ਕਿਹਾ ਜਾਏਗਾ। ਬਹੁਤ ਸਾਰੇ ਇਲਹਾਮ ਕੇਵਲ ਵਰਤਮਾਨ ਅਵਸਥਾ ਦੇ ਦਰਪਨ ਹੁੰਦੇ ਹਨ। ਭਵਿਖੱ ਦੇ ਕਾਰਜਾਂ ਨਾਲ ਉਹਨਾਂ ਦਾ ਕੋਈ ਸੰਬੰਧ ਨਹੀਂ ਹੁੰਦਾ । ਭਾਵ ਇਹ ਗਲ੍ਹੱ ਵੀ ਹੈ ਕਿ ਜਦੱ ਤਕੱ ਮਨੁਖੱ ਜੀਉਂਦਾ ਹੈ। ਉਸ ਦੇ ਅਖੀਰੀ ਸਾਹ ਉੱਤੇ ਮੁਹਰ ਨਹੀਂ ਲਾ ਸਕਦੇ। ਕਿਉਂਕਿ ਮਨੁਖੱ ਦਾ ਦਿਲ੍ਹ ਰਬੱ ਦੇ ਕਬਜ਼ੇ ਵਿਚੱ ਹੈ । ਮੀਰ ਸਾਹਿਬ ਤਾਂ ਮੀਰ ਸਾਹਿਬ ਹਨ। ਜੇਕਰ ਉਹ ਚਾਹੇ ਤਾਂ ਦੁਨੀਆ ਉੱਤੇ ਇਕੱ ਵੱਡੇ ਪਥੱਰ ਦਿਲ੍ਹ ਅਤੇ ਕਠੋਰ ਤੋਂ ਕਠੋਰ ਦਿਲ੍ਹ ਮਨੁਖੱ ਨੂੰ ਵੀ ਇਕੱ ਪਲ੍ਹੱ ਵਿਚੱ ਸੱਚਾਈ ਵਲ੍ਹੱ ਫ਼ੇਰ ਸਕਦਾ ਹੈ । ਭਾਵ ਇਹ ਇਲਹਾਮ ਵਰਤਮਾਨ ਅਵਸਥਾ ਵਲ੍ਹੱ ਸੰਕਤ ਕਰਦਾ ਹੈ । ਅੰਤਿਮ ਸੀਕਵਲ (ਅੰਜਾਮ) ਉਪੱਰ ਆਵਸ਼ਕ ਰੂਪ ਵਿਚੱ ਸੰਕੇਤ ਨਹੀਂ ਹੈ ਅਤੇ ਅੰਜਾਮ ਹੁਣੇ ਜ਼ਾਹਰ ਵੀ ਨਹੀਂ ਹੈ । ਬਹੁਤਿਆਂ ਨੇ ਸੁਮਾਰਗੀਆਂ (ਧਰਮੀਆਂ)

ਨੂੰ ਛਡੱ ਦਿੱਤਾ ਅਤੇ ਪੱਕੇ ਦੁਸ਼ਮਣ ਬਣ ਗਏ। ਪਰ ਬਾਦ ਵਿਚੱ ਫਿਰ ਕੋਈ ਕੁਦਰਤੀ ਕ੍ਰਿਸ਼ਮਾ ਵੇਖ ਕੇ ਪਛਤਾਏ ਅਤੇ ਹੰਝੂਆਂ ਨਾਲ ਰੋਏ ਅਤੇ ਆਪਣੇ ਪਾਪਾਂ ਦਾ ਇਕਰਾਰ ਕੀਤਾ ਅਤੇ ਪਰਤ ਆਏ। ਮਨੁਖੱ ਦਾ ਦਿਲ੍ਹ ਰਬੱ ਦੇ ਹਥੱ ਵਿਚੱ ਹੈ ਅਤੇ ਉਸ ਕਾਮਲ ਹਕੀਮ ਦੀ ਪਰਖ ਹਮੇਸ਼ਾ ਨਾਲ ਲੱਗੀ ਹੋਈ ਹੈ। ਸੋ, ਮੀਰ ਸਾਹਿਬ ਆਪਣੀ ਕਿਸੇ ਗੁਪਤ ਖ਼ਾਮੀ ਅਤੇ ਨੁਕਸ ਕਰਕੇ ਇਸ ਪ੍ਰੀਖਿਆ ਵਿਚੱ ਪੈ ਗਏ ਅਤੇ ਫਿਰ ਇਸ ਪਰਖ ਅਤੇ ਮੁਸੀਬਤ ਦੇ ਪ੍ਰਭਾਵ ਨਾਲ ਜੋਸ਼ ਅਤੇ ਆਸਥਾ ਵਿਚੱ ਕਬਜ਼ (ਰੋਕ) ਪੈਦਾ ਹੋਈ। ਫਿਰ ਰੋਕ ਤੋਂ ਖ਼ੁਸ਼ਕੀ ਅਤੇ ਓਪਰਾਪਨ ਫਿਰ ਓਪਰੇਪਨ ਤੋਂ ਅਦਬ ਦਾ ਤਿਆਗ, ਅਦਬ ਛਡੱਣ ਦੇ ਨਾਲ ਦਿਲ੍ਹ ਉੱਤੇ ਮੁਹਰ ਲਗੱ ਗਈ। ਇਸ ਦੇ ਬਾਦ ਦੁਸ਼ਮਨੀ, ਵਿਰੋਧਤਾ ਅਤੇ ਅਪਮਾਨ ਪੈਦਾ ਹੋ ਗਿਆ। ਇਬਰਤ (ਸਬਕ) ਲੈਂਣ ਦੀ ਥਾਂ ਹੈ ਕਿ ਕਿੱਥੋਂ ਕਿੱਥੇ ਪਹੁੰਚੇ। ਕੀ ਕਿਸੇ ਦੇ ਵਹਿਮ ਭਰਮ ਜਾਂ ਵਿਚਾਰ ਵਿਚੱ ਸੀ ਕਿ ਮੀਰ ਅੱਬਾਸ ਅਲੀ ਦਾ ਇਹ ਹਾਲ ਹੋਵੇਗਾ। ਬਾਦਸ਼ਾਹ ਦਾ ਬਾਦਸ਼ਾਹ ਜੋ ਚਾਹੁੰਦਾ ਹੈ ਕਰਦਾ ਹੈ। ਮੇਰੇ ਮਿਤੱਰਾਂ ਨੂੰ ਚਾਹੀਦਾ ਹੈ ਕਿ ਉਹਨਾ ਦੇ ਹਕੱ ਵਿਚੱ ਦੁਆਵਾਂ ਕਰਨ ਅਤੇ ਆਪਣੇ ਭੁੱਲ੍ਹੇ ਭਟੱਕੇ ਭਰਾ ਨੂੰ ਆਪਣੀ ਹਮਦਰਦੀ ਤੋਂ ਵਾਂਝਿਆਂ ਨ ਰਖੱਣ ਅਤੇ ਮੈਂ ਵੀ ਇੰਸ਼ਾ-ਅੱਲਾਹ ਦੁਆ ਕਰਾਂਗਾ। ਮੈਂ ਚਾਹੁੰਦਾ ਸੀ ਕਿ ਉਹਨਾ ਦੇ ਕੁਝੱ ਪਤੱਰ ਨਮੂਨੇ ਵੱਜੋਂ ਇਸ ਰਸਾਲੇ ਵਿਚੱ ਨਕਲ ਕਰਕੇ ਲੋਕਾਂ ਉੱਤੇ ਜ਼ਾਹਰ ਕਰਾਂ ਕਿ ਮੀਰ

ਅੱਬਾਸ ਅਲੀ ਦਾ ਅਖ਼ਲਾਕ (ਨੇਕੀ) ਕਿਸ ਹਦੱ ਦਰਜੇ ਤਕੱ ਪਹੁੰਚਿਆ ਹੋਇਆ ਸੀ ਅਤੇ ਕਿਸ ਪ੍ਰਕਾਰ ਦੇ ਸੁਪਨੇ ਉਹ ਹਮੇਸ਼ਾ ਜ਼ਾਹਰ ਕਰਦੇ ਸਨ ਅਤੇ ਕਿੰਨ੍ਹੀ ਵਿਨਮ੍ਰਤਾ ਦੇ ਸ਼ਬਦਾਂ ਅਤੇ ਅਜ਼ਮਤ ਦੇ ਸ਼ਬਦਾਂ ਨਾਲ ਉਹ ਪਤੱਰ ਲਿਖੱਦੇ ਸਨ। ਪਰ ਦੁਖੱ ਦੀ ਗਲੱ ਹੈ ਕਿ ਇਸ ਸੰਖੇਪ ਜਿਹੇ ਰਸਾਲੇ ਵਿਚੱ ਐਨ੍ਹੀ ਥਾਂ ਨਹੀਂ। ਰਬੱ ਨੇ ਚਾਹਿਆ ਤਾਂ ਫਿਰ ਕਿਸੇ ਸਮੇਂ ਲੋੜ੍ਹ ਅਨੁਸਾਰ ਜ਼ਾਹਰ ਕੀਤਾ ਜਾਏਗਾ। ਇਹ ਮਨੁਖੱ ਦੇ ਪਰਿਵਰਤਨ ਦਾ ਇਕੱ ਨਮੂਨਾ ਹੈ ਕਿ ਉਹ ਵਿਅਕਤੀ ਜਿਸ ਦੇ ਦਿਲ੍ਹ ਵਿਚੱ ਹਰ ਸਮੇਂ ਅਜ਼ਮਤ, ਵਡਿੱਆਈ, ਸੱਚਾਈ ਦਾ ਰੋਹਬ ਅਤੇ ਆਸਥਾ ਭਰੀ ਰਹਿੰਦੀ ਸੀ ਅਤੇ ਆਪਣੇ ਪਤੱਰਾਂ ਵਿਚੱ ਇਸ ਨਿਮਾਣੇ ਬਾਰੇ 'ਖ਼ਲੀਫ਼ਾਤੁੱਲਾਹ ਫ਼ਿਲ ਅਰਜ਼' (ਅਰਥਾਤ ਧਰਤੀ ਉਪੱਰ ਰਬੱ ਦਾ ਖ਼ਲੀਫ਼ਾ) ਲਿਖਿੱਆ ਕਰਦੇ ਸਨ। ਅਜੱ ਉਸ ਦੀ ਇਹ ਕੀ ਹਾਲਤ ਹੈ। ਸੋ, ਰਬੱ ਤੋਂ ਡਰੋ ਅਤੇ ਹਮੇਸ਼ਾ ਦੁਆ ਕਰਦੇ ਰਹੋ ਕਿ ਕੇਵਲ ਅਤੇ ਕੇਵਲ ਆਪਣੀ ਮਿਹਰ ਨਾਲ ਤੁਹਾਡੇ ਦਿਲ੍ਹਾਂ ਨੂੰ ਸੱਚਾਈ ਉਪੱਰ ਕਾਇਮ ਰੱਖੇ ਅਤੇ ਠੋਕਰ ਖਾਣ ਤੋਂ ਬਚਾਏ। ਆਪਣੀ ਪਕਿੱਆਈ ਉੱਤੇ ਭਰੋਸਾ ਨ ਕਰਿਆ ਕਰੋ। ਪਕਿੱਆਈ ਵਿਚੱ ਫਾਰੂਕ ਰਜ਼ੀ ਅੱਲਾਹ ਅੰਨਹੋ ਤੋਂ ਵਧੱ ਕੇ ਕੋਈ ਹੋਵੇਗਾ। ਜਿੰਨ੍ਹਾ ਨੂੰ ਇਕੱ ਪਲੱ ਲਈ ਪਰਖ ਆ ਗਈ ਸੀ ਅਤੇ ਜੇਕਰ ਰਬੱ ਦਾ ਹਥੱ ਉਹਨਾ ਨੂੰ ਨਹੀਂ ਰੋਕਦਾ ਤਾਂ ਰਬੱ ਜਾਣੇ ਕੀ ਅਨਰਥ ਹੋ ਜਾਂਦਾ। ਮੈਨੂੰ ਬੇਸ਼ਕੱ ਮੀਰ ਅੱਬਾਸ ਅਲੀ ਦੇ

ਠੇਕਰ ਖਾਣ ਨਾਲ ਬਹੁਤ ਦੁਖੱ ਹੋਇਆ ਹੈ। ਪਰੰਤੂ ਫਿਰ ਵੀ ਮੈਂ ਵੇਖਦਾ ਹਾਂ ਕਿ ਜਦੱ ਕਿ ਮੈਂ ਹਜ਼ਰਤ ਮਸੀਹ ਅਲੈਹਿ ਸਲਾਮ ਦੇ ਨਮੂਨੇ ਦੇ ਰੂਪ ਵਿਚੱ ਆਇਆ ਹਾਂ ਤਾਂ ਇਹ ਵੀ ਜ਼ਰੂਰੀ ਸੀ ਕਿ ਮੇਰੇ ਕੁਝੱ ਸ਼ਰਧਾਲੂਆਂ ਦੀ ਆਚਰਣਕ ਘਟਨਾਵਾਂ ਵਿੱਚੋਂ ਵੀ ਉਹ ਨਮੂਨਾ ਪ੍ਰਕਟ ਹੁੰਦਾ। ਇਹ ਗਲੱ ਸਪਸ਼ਟ ਹੈ ਕਿ ਪੀਣ ਵਾਲੇ, ਉੱਠਣ ਬੈਠਣ ਵਾਲੇ, ਹਮ ਨਵਾਲਾ, ਹਮ ਪਿਆਲਾ ਸਨ। ਜਿੰਨ੍ਹਾਂ ਦੀ ਪ੍ਰਸ਼ੰਸ਼ਾ ਵਿਚੱ ਇਲਾਹੀ ਵਹੀ ਨਾਜ਼ਲ ਹੋ ਗਈ ਸੀ। ਅਖ਼ੀਰ ਮਸੀਹ ਤੋਂ ਫ਼ਿਰ ਗਏ ਸਨ। ਯਹੂਦਾ ਅਸਕਰ ਰੂਤੀ ਕਿੰਨ੍ਹਾਂ ਡੂੰਘਾਂ ਮਿਤੱਰ ਸੀ ਹਜ਼ਰਤ ਮਸੀਹ ਦਾ। ਜੋ ਅਧਿਕਤਰ ਇਕੱ ਹੀ ਪਿਆਲੇ ਵਿਚੱ ਹਜ਼ਰਤ ਮਸੀਹ ਅਲੈਹਿ ਸਲਾਮ ਨਾਲ ਖਾਂਦਾ ਸੀ ਅਤੇ ਬਹੁਤ ਪਿਆਰ ਦੇ ਦਮ ਮਾਰਦਾ ਸੀ। ਜਿਸ ਨੂੰ ਸਵਰਗ ਦੇ ਬਾਰ੍ਹਵੇਂ ਤਖਤ ਦੀ ਵੀ ਖ਼ੁਸ਼ਖ਼ਬਰੀ ਦੇ ਦਿੱਤੀ ਗਈ ਸੀ ਅਤੇ ਮੀਆਂ ਪਿਤਰਸ ਕਿੰਨ੍ਹੇ ਬਜ਼ੁਰਗ ਹਵਾਰੀ ਸਨ। ਜਿੰਨ੍ਹਾਂ ਬਾਰੇ ਹਜ਼ਰਤ ਮਸੀਹ ਨੇ ਫ਼ਰਮਾਇਆ ਸੀ ਕਿ ਆਕਾਸ਼ ਦੀਆਂ ਕੁੰਜੀਆਂ ਇਹਨਾਂ ਦੇ ਹਥੱ ਵਿਚੱ ਹਨ। ਜਿੰਨ੍ਹਾ ਨੂੰ ਚਾਹੁੰਣ ਸਵਰਗ ਵਿਚੱ ਦਾਖ਼ਲ ਕਰਨ ਅਤੇ ਜਿੰਨ੍ਹਾ ਨੂੰ ਚਾਹੁਣ ਨ ਕਰਨ। ਪਰ ਅਖੀਰ ਮੀਆਂ ਉਕਤ ਸਾਹਿਬ ਨੇ ਜੋ ਕਰਤੂਤ ਵਿਖਾਈ। ਉਹ ਇੰਜੀਲ ਪੜ੍ਹਨ ਵਾਲਿਆਂ ਉੱਤੇ ਜ਼ਾਹਰ ਹੈ ਕਿ ਹਜ਼ਰਤ ਮਸੀਹ ਦੇ ਸਾਹਮਣੇ ਖੜੇ ਹੋ ਕੇ ਅਤੇ ਉਹਨਾ ਵਲੱ ਸੰਕੇਤ ਕਰਕੇ ਉੱਚੀ ਆਵਾਜ਼ ਵਿਚੱ ਕਿਹਾ ਕਿ ਮੈਂ ਇਸ ਵਿਅਕਤੀ

ਉਪੱਰ ਲਾਨ੍ਹਤ ਪਾਉਂਦਾ ਹਾਂ । ਮੀਰ ਸਾਹਿਬ ਹੁਣ ਤਕੱ ਇਸ ਹਦੱ ਤਕੱ ਕਿੱਥੇ ਪਹੁੰਚੇ ਹਨ । ਕਲ੍ਹੱ ਦੀ ਕਿਸ ਨੂੰ ਖ਼ਬਰ ਹੈ ਕੀ ਹੋਵੇ । ਮੀਰ ਸਾਹਿਬ ਦੀ ਕਿਸਮਤ ਵਿਚੱ ਜੇਕਰ ਇਹ ਠੋਕਰ ਮੁਕਦੱਰ ਸੀ ਅਤੇ 'ਅਸਲੁਹਾ ਸਾਬਿਤੂਨ' ਦੀ ਬਿਬੇਕਤਾ ਵੀ ਇਸੇ ਵਲ੍ਹੱ ਸੰਕੇਤ ਕਰ ਰਹੀ ਸੀ । ਪਰ ਬਟਾਲਵੀ ਸਾਹਿਬ ਦੇ ਭਰਮ ਪਾਉਣ ਕਰਕੇ ਮੀਰ ਸਾਹਿਬ ਦੀ ਅਵਸਥਾ ਨੂੰ ਹੋਰ ਵੀ ਠੋਕਰ ਖਾਣ ਵਿਚੱ ਪਾਇਆ । ਮੀਰ ਸਾਹਿਬ ਇਕੱ ਸਾਦਾ ਆਦਮੀ ਹਨ । ਜਿੰਨ੍ਹਾ ਨੂੰ ਸੂਖਮ ਮਸਲਿਆਂ ਦੀ ਕੁਝੱ ਵੀ ਖ਼ਬਰ ਨਹੀਂ । ਹਜ਼ਰਤੇ ਬਟਾਲਵੀ ਆਦਿ ਨੇ ਉਪਦੱਰਾਂ ਭਰੀਆਂ ਤਹਿਰੀਕਾਂ ਰਾਹੀਂ ਇਹਨਾ ਨੂੰ ਭੜ੍ਹਕਾ ਦਿੱਤਾ ਕਿ ਵੇਖੋ ਫ਼ਲਾਣਾ ਅਕੀਦਾ ਇਸਲਾਮ ਦੇ ਵਿਰੁਧੱ ਹੈ ਅਤੇ ਫ਼ਲਾਣਾ ਸ਼ਬਦ ਬੇਅਦਬੀ ਦਾ ਸ਼ਬਦ ਹੈ । ਮੈਂ ਸੁਣਿਆ ਹੈ ਕਿ ਸ਼ੇਖ਼ ਬਟਾਲਵੀ ਇਸ ਨਿਮਾਣੇ ਦੇ ਮੁਖ਼ਲਿਸਾਂ (ਨੇਕ ਲੋਕਾਂ) ਬਾਰੇ ਸਹੁੰ ਖਾ ਚੁੱਕੇ ਹਨ ਕਿ "لَاُغْوِيَنَّهُمْ اَجْمَعِيْنَ" ਲਾ ਉਗਵਿਯੱਨਾਹੁਮ ਅਜਮਾਈਨ ਅਤੇ ਐਨ੍ਹਾਂ ਰਲੇਵਾਂ ਹੈ ਕਿ ਸ਼ੇਖ਼ ਨਜਦੀ ਦਾ ਅਪਵਾਦ ਵੀ ਬਾਹਰ ਰਖੱ ਲੈਂਦੇ । ਜੇਕਰ ਉਹ ਕੁਝੱ ਮੂੰਹ ਫ਼ੇਰ ਲੈਂਣ ਵਾਲਿਆਂ ਕਰਕੇ ਬਹੁਤ ਖ਼ੁਸ਼ ਹਨ ਤਾਂ ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਇਕੱ ਟਾਹਣੀ ਦੇ ਸੁਕੱ ਜਾਣ ਨਾਲ ਸਾਰਾ ਬਾਗ਼ ਬਰਬਾਦ ਨਹੀਂ ਹੋ ਸਕਦਾ । ਜਿਸ ਟਾਹਣੀ ਨੂੰ ਰਬੱ ਚਾਹੁੰਦਾ ਹੈ । ਸੁਕਾ ਦਿੰਦਾ ਹੈ । ਕਟੱ ਦਿੰਦਾ ਹੈ ਅਤੇ ਇਸ ਦੀ ਥਾਂ ਹੋਰ ਨਵੀਆਂ ਟਾਹਣੀਆਂ ਫ਼ੁੱਲ੍ਹਾਂ ਅਤੇ ਫ਼ਲ੍ਹਾਂ ਨਾਲ ਲਦੀਆਂ

ਹੋਈਆ ਪੈਦਾ ਕਰ ਦਿੰਦਾ ਹੈ । ਬਟਾਲਵੀ ਸਾਹਿਬ ਚੇਤੇ ਰਖੱਣ ਕਿ ਜੇਕਰ ਇਸ ਜਮਾਅਤ ਵਿਚੋਂ ਇਕੱ ਨਿਕਲ ਜਾਏ ਤਾਂ ਰਬੱ ਉਸ ਦੀ ਥਾਂ ਵੀਹ ਲੈ ਆਏਗਾ ਅਤੇ ਇਸ ਆਇਤ ਉਪੱਰ ਗੋਰ ਕਰੋ فَسَوۡفَ یَاۡتِی اللّٰہُ بِقَوۡمٍ یُّحِبُّہُمۡ وَ یُحِبُّوۡنَہٗۤ اَذِلَّۃٍ عَلَی الۡمُؤۡمِنِیۡنَ اَعِزَّۃٍ عَلَی الۡکٰفِرِیۡنَ[1] 'ਫਸੋਫ਼ਾ ਯਾਤਿੱਲਾਹੁ ਬਿਕੋਮਿੰਯ ਯੁਹਿਬੁੱਹੁਮ ਵ ਯੁਹਿਬੂੱਨਾਹੂ, ਅਜ਼ਿੱਲਾਤਿਨ ਅਲਲ ਮੋਮਿਨੀਨਾ ਆਇੱਜ਼ਾਤਿਨ ਅਲਲ ਕਾਫ਼ਿਰੀਨ'

ਅਖ਼ੀਰ ਵਿਚੱ ਅਸੀਂ ਸਰੋਤਿਆਂ ਉਪੱਰ ਜ਼ਾਹਰ ਕਰਦੇ ਹਾਂ ਕਿ ਮੀਰ ਅਬਾਸ ਅਲੀ ਸਾਹਿਬ ਨੇ 12 ਦਸੰਬਰ 1891 ਈ. ਵਿਚੱ ਵਿਰੋਧ ਦੇ ਪਖੱ ਵਿਚੱ ਇਕੱ ਇਸ਼ਤਿਹਾਰ ਵੀ ਪ੍ਰਕਾਸ਼ਤ ਕੀਤਾ ਹੈ। ਜੋ ਬੇਅਦਬੀ ਅਤੇ ਅਪਮਾਨ ਦੇ ਸ਼ਬਦਾਂ ਨਾਲ ਭਰਿਆ ਹੋਇਆ ਹੈ। ਸੋ, ਸਾਨੂੰ ਤਾਂ ਇਹਨਾਂ ਸ਼ਬਦਾਂ ਨਾਲ ਕੋਈ ਗ਼ਰਜ਼ ਨਹੀਂ। ਜਦੱ ਦਿਲ੍ਹ ਵਿਗੜ੍ਹਦਾ ਹੈ ਤਾਂ ਮੂੰਹ ਵੀ ਨਾਲ ਹੀ ਵਿਗੜ੍ਹ ਜਾਂਦਾ ਹੈ। ਪਰ ਇਸ ਇਸ਼ਤਿਹਾਰ ਦੀਆਂ ਤਿੰਨ ਗੱਲ੍ਹਾਂ ਦਾ ਉਤੱਰ ਦੇਣਾ ਜ਼ਰੂਰੀ ਬਣਦਾ ਹੈ ।

ਪਹਿਲੀ ਇਹ ਕਿ ਮੀਰ ਸਾਹਿਬ ਦੇ ਦਿਲ੍ਹ ਵਿਚੱ ਦਿੱਲੀ ਦੇ ਮੁਬਾਹਿਸੇ ਦਾ ਹਾਲ, ਵਾਪਰੀ ਘਟਨਾ ਦੇ ਵਿਰੁਧੱ ਵਸੱ ਗਿਆ। ਸੋ, ਇਸ ਭਰਮ ਨੂੰ ਦੂਰ ਕਰਨ ਲਈ ਮੇਰਾ ਇਹੋ ਇਸ਼ਤਿਹਾਰ ਬਹੁਤ ਹੈ ਬਸ਼ਰਤੇ ਕਿ ਮੀਰ ਸਾਹਿਬ ਇਸ ਨੂੰ ਗ਼ੌਰ ਨਾਲ ਪੜ੍ਹਨ ।

[1] ਰਬੱ ਜ਼ਰੂਰ ਅਜਿਹੇ ਲੋਕ ਲੈ ਆਵੇਗਾ ਜਿਨ੍ਹਾਂ ਤੋਂ ਉਹ ਪਿਆਰ ਕਰਦਾ ਹੋਵੇਗਾ ਅਤੇ ਉਹ ਉਸ ਨਾਲ ਪਿਆਰ ਕਰਦੇ ਹੋਣਗੇ ਅਤੇ ਉਹ ਮੋਮਿਨਾਂ ਉੱਤੇ ਬਹੁਤ ਹਮਦਰਦ ਅਤੇ ਕਾਫ਼ਿਰਾਂ ਉੱਤੇ ਬਹੁਤ ਕਠੋਰ ਹਨ---ਸੂਰਾਤੁਲ ਮਾਇਦਹ ਆਇਤ ਨੰਬਰ 55 ਅਨੁਵਾਦਕ

<u>ਦੂਜੀ</u> ਗਲੱ ਇਹ ਕਿ ਮੀਰ ਸਾਹਿਬ ਦੇ ਦਿਲ ਵਿਚੱ ਪੂਰੀ ਤਰ੍ਹਾਂ ਇਹ ਵਿਅਰਥ ਗਲੱ ਬਹਿ ਗਈ ਕਿ ਸੰਭਵਤਾ ਮੈਂ ਇਕੱ ਨੇਚਰੀ (ਪ੍ਰਕ੍ਰਿਤੀ) ਵਿਚਾਰਾਂ ਦਾ ਵਿਅਕਤੀ ਹਾਂ । ਚਮਤਕਾਰਾਂ (ਕ੍ਰਿਸ਼ਮਿਆਂ) ਦਾ ਇਨਕਾਰੀ, ਲੈਲਾਤੁਲ ਕਦਰ ਦਾ ਇਨਕਾਰੀ, ਨਬੁਵੱਤ ਦਾ ਦਾਵੇਦਾਰ, ਨਬੀਆਂ ਅਤੇ ਅਵਤਾਰਾਂ ਦਾ ਅਪਮਾਨ ਕਰਨ ਵਾਲਾ ਅਤੇ ਇਸਲਾਮੀ ਅਕੀਦਿਆਂ (ਸਿੱਧਾਂਤਾਂ) ਤੋਂ ਮੂੰਹ ਮੋੜ੍ਹਣ ਵਾਲਾ ਹਾਂ । ਸੋ, ਇਹਨਾਂ ਭਰਮਾ ਨੂੰ ਦੂਰ ਕਰਨ ਲਈ ਮੈਂ ਵਾਅਦਾ ਕਰ ਚੁਕੱਿਆਂ ਹਾਂ ਕਿ ਛੇਤੀ ਹੀ ਮੇਰੇ ਵੱਲੋਂ ਇਸ ਬਾਰੇ ਇਕੱ ਰਸਾਲਾ ਪ੍ਰਕਾਸ਼ਤ ਹੋਵੇਗਾ । ਜੇਕਰ ਮੀਰ ਸਾਹਿਬ ਧਿਆਨ ਨਾਲ ਇਸ ਰਸਾਲੇ ਨੂੰ ਵੇਖਣਗੇ ਤਾਂ ਜੇਕਰ ਰਬੱ ਨੇ ਸੰਜੋਗ ਬਖ਼ਸ਼ਿਆ ਤਾਂ ਆਪਣੀਆਂ ਬੇਆਧਾਰ ਅਤੇ ਅਸਲੋਂ ਕੋਰੀਆਂ ਬਦ ਜ਼ੰਨੀਆਂ ਤੋਂ ਸਖ਼ਤ ਪਛਤਾਉਣਗੇ ।

<u>ਤੀਜੀ</u> ਗਲੱ ਇਹ ਕਿ ਮੀਰ ਸਾਹਿਬ ਨੇ ਆਪਣੇ ਇਸ ਇਸ਼ਤਿਹਾਰ ਵਿਚੱ ਆਪਣੇ ਕ੍ਰਿਸ਼ਮੀਆਂ ਦਾ ਪ੍ਰਕਟਾਵਾ ਕਰਕੇ ਲਿਖੱਿਆ ਹੈ ਕਿ ਸੰਭਵਤਾ ਉਹਨਾ ਨੂੰ ਰਸੂਲ (ਸਲੱਲਾਹੋ ਅਲੈਹਿ ਵਸਲੱਮ) ਦੇ ਦਰਸ਼ਨ ਕਰਾਉਣ ਦੀ ਤਾਕਤ ਹੈ । ਸੋ, ਉਹ ਆਪਣੇ ਇਸ ਇਸ਼ਤਿਹਾਰ ਵਿਚੱ ਮੇਰੇ ਬਾਰੇ ਲਿਖੱਦੇ ਹਨ ਕਿ ਇਸ ਸੰਬੰਧੀ ਮੇਰਾ ਮੁਕਾਬਲਾ ਨਹੀਂ ਕੀਤਾ । ਮੈਂ ਕਿਹਾ ਸੀ ਕਿ ਅਸੀਂ ਦੋਵੇਂ ਕਿਸੇ ਮਸਜਿਦ ਵਿਚੱ ਬੈਠ ਜਾਈਏ ਅਤੇ ਫਿਰ ਜਾਂ ਤਾਂ ਮੈਨੂੰ ਰਸੂਲੇ ਕਰੀਮ

ਸਲੱਲਾਹੋ ਅਲੈਹਿ ਵਸਲੱਮ ਦੇ ਦਰਸ਼ਨ ਕਰਾਕੇ ਆਪਣੇ ਦਾਅਵੇ ਦੀ ਪ੍ਰਮਾਣਿਕਤਾ ਕਰਾ ਦਿੱਤੀ ਜਾਏ ਜਾਂ ਮੈਂ ਦਰਸ਼ਨ ਕਰਾਕੇ ਇਸ ਬਾਰੇ ਫ਼ੈਸਲਾ ਕਰਾ ਦਿਆਂ। ਮੀਰ ਸਾਹਿਬ ਦੀ ਇਸ ਲੇਖਣੀ ਨੇ ਨ ਕੇਵਲ ਮੈਨੂੰ ਹੈਰਾਨੀ ਵਿਚੱ ਪਾ ਦਿੱਤਾ। ਸਗੋਂ ਹਰ ਇਕੱ ਜਾਣਕਾਰ ਸਖ਼ਤ ਹੈਰਾਨ ਹੋ ਰਿਹਾ ਹੈ ਕਿ ਜੇਕਰ ਮੀਰ ਸਾਹਿਬ ਵਿਚੱ ਇਹ ਕੁਦਰਤ ਅਤੇ ਕ੍ਰਿਸ਼ਮਾ ਸੀ ਕਿ ਜਦੱ ਚਾਹੁਣ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਵੇਖ ਲੈਣ ਅਤੇ ਗੱਲਾਂ ਪੁਛੱ ਲੈਣ। ਸਗੋਂ ਦੂਜਿਆਂ ਨੂੰ ਵੀ ਵਿਖਾ ਦੇਣ ਤਾਂ ਫਿਰ ਉਹਨਾ ਨੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਤੋਂ ਤਸਦੀਕ ਕੀਤੇ ਬਿਨਾ ਮੇਰੀ ਬੈਅਤ ਕਿਉਂ ਕਰ ਲਈ ਅਤੇ ਕਿਉਂ ਦਸੱ ਸਾਲ ਤਕੱ ਨਿਰੰਤਰ ਮੇਰੇ ਨੇਕ ਲੋਕਾਂ ਨਾਲ ਰਹੇ। ਹੈਰਾਨੀ ਹੈ ਕਿ ਇਕੱ ਵਾਰ ਵੀ ਰਸੂਲੇ ਕਰੀਮ ਸਲੱਲਾਹੋ ਅਲੈਹਿ ਵਸਲੱਮ ਉਹਨਾਂ ਦੇ ਸੁਪਨੇ ਵਿਚੱ ਨਹੀਂ ਆਏ ਅਤੇ ਉਹਨਾਂ ਉੱਤੇ ਜ਼ਾਹਰ ਨਹੀਂ ਕੀਤਾ ਕਿ ਇਸ ਝੂੱਠੇ, ਮੱਕਾਰ ਅਤੇ ਬੇਦੀਨ ਦੀ ਬੈਅਤ ਕਿਉਂ ਕਰਦਾ ਹੈ ਅਤੇ ਕਿਉਂ ਆਪਣੇ ਆਪ ਨੂੰ ਗੁਮਰਾਹੀ ਵਿਚੱ ਫਸਾਉਂਦਾ ਹੈ। ਕੀ ਕੋਈ ਸੂਝਵਾਨ ਸਮਝ ਸਕਦਾ ਹੈ ਕਿ ਜਿਸ ਵਿਅਕਤੀ ਨੂੰ ਇਹ ਕੁਦਰਤ ਹਾਸਲ ਹੋਵੇ ਗਲੱ ਗਲੱ ਉੱਤੇ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੀ ਹਜ਼ੂਰੀ ਵਿਚੱ ਚਲਾ ਜਾਏ ਅਤੇ ਉਹਨਾਂ ਦੇ ਫ਼ਰਮਾਨਾ ਦਾ ਪਾਬੰਦ ਹੋਵੇ ਅਤੇ ਉਹਨਾ ਕੋਲੋਂ ਸਲਾਹ ਮਸ਼ਵਰਾ ਕਰ ਲਏ। ਉਹ ਦਸੱ ਸਾਲ ਤਕੱ ਨਿਰੰਤਰ ਇਕੱ

ਝੂੱਠੇ ਅਤੇ ਫ਼ਰੇਬੀ ਦੇ ਪੰਜੇ ਵਿਚੱ ਫਸਿਆ ਰਹੇ ਅਤੇ ਅਜਿਹੇ ਵਿਅਕਤੀ ਦਾ ਮੁਰੀਦ ਬਣ ਜਾਏ । ਜੋ ਅੱਲਾਹ ਅਤੇ ਰਸੂਲ ਦਾ ਦੁਸ਼ਮਣ ਹੋਵੇ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਅਪਮਾਨ ਕਰਨ ਵਾਲਾ ਅਤੇ ਪਾਤਾਲ ਵਿਚੱ ਡਿਗੱਣ ਵਾਲਾ ਹੋਵੇ। ਬਹੁਤ ਹੀ ਹੈਰਾਨੀ ਦੀ ਥਾਂ ਇਹ ਹੈ ਕਿ ਮੀਰ ਸਾਹਿਬ ਦੇ ਕੁਝੱ ਮਿਤੱਰ ਬਿਆਨ ਕਰਦੇ ਹਨ ਕਿ ਉਹਨਾ ਨੇ ਕੁਝੱ ਸੁਪਨੇ ਸਾਡੇ ਸਾਮ੍ਹਣੇ ਵਰਨਣ ਕੀਤੇ ਸਨ ਅਤੇ ਕਿਹਾ ਸੀ ਕਿ ਮੈਂ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਸੁਪਨੇ ਵਿਚੱ ਵੇਖਿਆ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਆਜਿਜ਼ (ਵਿਨੀਤ) ਬਾਰੇ ਫ਼ਰਮਾਇਆ ਕਿ ਇਹ ਵਿਅਕਤੀ ਵਾਸਤਵ ਵਿਚੱ ਖ਼ਲੀਫ਼ਾਤੁੱਲਾਹ (ਰਬੱ ਵੱਲੋਂ ਖ਼ਲੀਫ਼ਾ) ਅਤੇ ਮੁਜਦੱਦੀਨ (ਅਰਥਾਤ ਦੀਨੇ ਇਸਲਾਮ ਦਾ ਪੁਨਰ ਉਥਾਨ ਕਰਨ ਵਾਲੇ) ਹਨ ਅਤੇ ਇਸੇ ਪ੍ਰਕਾਰ ਦੇ ਕਈ ਪਤੱਰ ਜਿੰਨ੍ਹਾ ਵਿਚੱ ਸੁਪਨਿਆਂ ਦਾ ਵਰਨਣ ਹੈ ਅਤੇ ਮੇਰੇ ਦਾਅਵਿਆਂ ਦੀ ਤਸਦੀਕ ਕੀਤੀ ਹੈ। ਮੀਰ ਸਾਹਿਬ ਨੇ ਇਸ ਵਿਨੀਤ ਨੂੰ ਵੀ ਲਿੱਖੇ। ਹੁਣ ਇਕੱ ਨਿਆਏਕਾਰ ਸਮਝ ਸਕਦਾ ਹੈ ਕਿ ਜੇਕਰ ਮੀਰ ਸਾਹਿਬ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਸੁਪਨੇ ਵਿਚੱ ਵੇਖ ਸਕਦੇ ਹਨ । ਤਾਂ ਜੋ ਕੁਝੱ ਉਹਨਾਂ ਨੇ ਪਹਿਲਾਂ ਵੇਖਿਆ । ਉਹ ਹਰ ਹਾਲ ਵਿਚੱ ਵਿਸ਼ਵਾਸ ਯੋਗ ਹੋਵੇਗਾ ਅਤੇ ਜੇਕਰ ਉਹ ਸੁਪਨੇ ਵਿਸ਼ਵਾਸ ਯੋਗ ਨਹੀਂ ਅਤੇ ਖਿੰਡੇ ਖੁੰਡੇ ਸੁਪਨੇ

ਹਨ। ਜਿੰਨ੍ਹਾ ਦਾ ਕੋਈ ਅਰਥ ਨਹੀਂ। ਅਜਿਹੇ ਸੁਪਨੇ ਭਵਿੱਖ ਵਿਚੱ ਵੀ ਵਿਸ਼ਵਾਸ ਯੋਗ ਨਹੀਂ ਰਹਿ ਸਕਦੇ। ਸਰੋਤੇ ਆਪ ਸਮਝ ਸਕਦੇ ਹਨ ਕਿ ਰਸੂਲ ਨੁਮਾਈ (ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਦਰਸ਼ਨ ਕਰਾਉਂਣਾ) ਦੀ ਕੁਦਰਤ ਦਾ ਦਾਅਵਾ ਕਿੰਨ੍ਹੀ ਫ਼ਜ਼ੂਲ ਅਤੇ ਵਿਅਰਥ ਗਲੱ ਹੈ। ਸਹੀ ਹਦੀਸਾਂ ਤੋਂ ਜ਼ਾਹਰ ਹੈ ਕਿ ਸ਼ੈਤਾਨੀ ਛੂਹ ਤੋਂ ਉਹ ਸੁਪਨੇ ਰਸੂਲੁੱਲਾਹ ਦੇ ਦਰਸ਼ਨਾਂ ਤੋਂ ਸਲੰਗਤ ਅਤੇ ਪਾਕ ਹੋ ਸਕਦੇ ਹਨ। ਜਿਸ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਉਹਨਾਂ ਦੇ ਅਸਲ ਹੁਲੀਏ ਵਿਚੱ ਵੇਖਿਆ ਗਿਆ ਹੋਵੇ। ਨਹੀਂ ਤਾਂ ਸ਼ੈਤਾਨ ਦੀ ਛੂਹ ਤਾਂ ਨਬੀਆਂ ਦੇ ਸਰੂਪ ਵਿਚੱ ਨ ਕੇਵਲ ਉੱਚਿਤ ਹੈ ਸਗੋਂ ਘਟਨਾਵਾਂ ਵਿੱਚੋਂ ਹੈ ਅਤੇ ਲਾਨ੍ਹਤੀ ਸ਼ੈਤਾਨ ਤਾਂ ਰਬੱ ਦਾ ਸਰੂਪ ਅਤੇ ਉਸ ਦੇ ਅਰਸ਼ ਦੇ ਕ੍ਰਿਸ਼ਮੇ ਵਿਖਾ ਦਿੰਦਾ ਹੈ। ਇਉਂ ਫਿਰ ਨਬੀਆਂ ਦਾ ਸੁਰੂਪ ਉਸ ਉੱਤੇ ਕੀ ਔਖਾ ਹੈ। ਹੁਣ ਜਦੱ ਕਿ ਇਹ ਗਲੱ ਹੈ ਤਾਂ ਕਲਪਨਾ ਦੇ ਰੂਪ ਵਿਚੱ ਮਨ ਲਈਏ ਕਿ ਕਿਸੇ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਦਰਸ਼ਨ ਹੋਏ ਤਾਂ ਇਸ ਗਲੱ ਉੱਤੇ ਕਿਵੇਂ ਸੰਤੋਖੀ ਹੋਈਏ ਕਿ ਉਹ ਦਰਸ਼ਨ ਵਾਸਤਵ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਹੀ ਹਨ। ਕਿਉਂਕਿ ਇਸ ਜ਼ਮਾਨੇ ਦੇ ਲੋਕਾਂ ਨੂੰ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਦੇ ਅਸਲ ਹੁਲੀਏ ਦਾ ਠੀਕ ਠੀਕ ਪਤਾ ਨਹੀਂ ਹੈ ਅਤੇ ਗ਼ੈਰ ਹੁਲੀਏ ਉੱਤੇ ਸ਼ੈਤਾਨ ਦੀ ਛੂਹ ਸੰਭਵ ਹੈ। ਸੋ, ਇਸ ਯੁਗੱ ਦੇ ਲੋਕਾਂ ਲਈ

ਵਾਸਤਵਿਕ ਦਰਸ਼ਨਾ ਦੀ ਸੱਚੀ ਨਿਸ਼ਾਨੀ ਇਹ ਹੈ ਕਿ ਉਸ ਦਰਸ਼ਨ ਦੇ ਨਾਲ ਕੁਝੱ ਅਜਿਹੇ ਕ੍ਰਿਸ਼ਮੇ ਅਤੇ ਵਿਸ਼ੇਸ਼ ਨਿਸ਼ਾਨੀਆਂ ਵੀ ਹੋਣ ਜਿੰਨ੍ਹਾ ਦੇ ਸਬਬ ਦਿਵ ਦਰਸ਼ਨਾਂ ਅਤੇ ਸੁਪਨਿਆਂ ਦਾ ਰਬੱ ਵੱਲੋਂ ਹੋਣ ਦਾ ਵਿਸ਼ਵਾਸ ਕੀਤਾ ਜਾਵੇ। ਉਧਾਰਣ ਲਈ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਕੁਝੱ ਖ਼ੁਸ਼ਖਬਰੀਆਂ ਸਮੇਂ ਤੋਂ ਪਹਿਲਾਂ ਦਸੱ ਦੇਣ ਜਾਂ ਕੁਦਰਤ ਦੀਆਂ ਵਾਪਰਣ ਵਾਲੀਆਂ ਕੁਝੱ ਗੱਲਾਂ ਤੋਂ ਸਮੇਂ ਤੋਂ ਪਹਿਲਾਂ ਸੂਚਿਤ ਕਰ ਦੇਣ ਜਾਂ ਕੁਝੱ ਦੁਆਵਾਂ ਦੀ ਪਰਵਾਨਗੀ ਨਾਲ ਸਮੇਂ ਤੋਂ ਪਹਿਲਾਂ ਸੂਚਨਾ ਦੇ ਦੇਣ ਜਾਂ ਕੁਰਆਨੇ ਕਰੀਮ ਦੀਆਂ ਕੁਝੱ ਆਇਤਾਂ ਦੀਆਂ ਅਜਿਹੀਆਂ ਸੱਚਾਈਆਂ ਅਤੇ ਮੁਆਰਫ਼ਤ ਦੀਆਂ ਗੱਲਾਂ ਜੋ ਪਹਿਲਾਂ ਲਿੱਖੀਆਂ ਅਤੇ ਪ੍ਰਕਾਸ਼ਤ ਨਹੀਂ ਹੋਈਆਂ ਦਸ ਦੇਣ ਤਾਂ ਨਿਰਸੰਦੇਹ ਅਜਿਹਾ ਸੁਪਨਾ ਸਹੀ ਸਮਝਿਆ ਜਾਏਗਾ। ਨਹੀਂ ਤਾਂ ਜੇਕਰ ਇਕੱ ਵਿਅਕਤੀ ਦਾਅਵਾ ਕਰੇ ਕਿ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਮੇਰੇ ਸੁਪਨੇ ਵਿਚੱ ਆਏ ਹਨ ਅਤੇ ਕਹਿ ਗਏ ਹਨ ਕਿ ਫਲਾਣਾ ਵਿਅਕਤੀ ਬੇਸ਼ਕੱ ਕਾਫ਼ਰ ਅਤੇ ਦੱਜਾਲ ਹੈ। ਹੁਣ ਇਸ ਗਲੱ ਦਾ ਕੌਣ ਫ਼ੈਸਲਾ ਕਰੇ ਕਿ ਇਹ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦਾ ਕਥਨ ਹੈ ਜਾਂ ਸ਼ੈਤਾਨ ਦਾ ਜਾਂ ਆਪ ਇਸ ਸੁਪਨਾ ਵੇਖਣ ਵਾਲੇ ਨੇ ਚਲਾਕੀ ਨਾਲ ਇਹ ਸੁਪਨਾ ਆਪ ਘੜ੍ਹਿਆ ਹੈ। ਸੋ, ਜੇਕਰ ਮੀਰ ਸਾਹਿਬ ਨੂੰ ਵਾਸਤਵ ਵਿਚੱ ਇਹ ਕੁਦਰਤ ਹਾਸਲ ਹੈ ਕਿ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਉਹਨਾ ਦੇ ਸੁਪਨੇ ਵਿਚੱ ਆ

ਜਾਂਦੇ ਹਨ ਤਾਂ ਅਸੀਂ ਮੀਰ ਸਾਹਿਬ ਨੂੰ ਇਹ ਕਸ਼ਟ ਨਹੀਂ ਦੇਣਾ ਚਾਹੁੰਦੇ ਕਿ ਉਹ ਜ਼ਰੂਰ ਸਾਨੂੰ ਵਿਖਾ ਦੇਣ। ਸਗੋਂ ਉਹ ਆਪਣਾ ਹੀ ਵੇਖਣਾ ਸਾਬਤ ਕਰ ਦੇਣ ਅਤੇ ਉਪਰੋਕਤ ਚਾਰ ਨਿਸ਼ਾਨੀਆਂ ਰਾਹੀਂ ਇਸ ਗਲੱ ਨੂੰ ਪ੍ਰਮਾਣਿਤ ਕਰ ਦੇਣ ਕਿ ਵਾਸਤਵ ਵਿਚੱ ਉਹਨਾ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਵੇਖਿਆ ਹੈ ਤਾਂ ਅਸੀਂ ਕੁਬੂਲ ਕਰ ਲਵਾਂਗੇ । ਅਤੇ ਜੇਕਰ ਉਹਨਾ ਨੂੰ ਮੁਕਾਬਲੇ ਦਾ ਹੀ ਚਾਅ ਹੈ ਤਾਂ ਇਸ ਸਿੱਧੇ ਰੂਪ ਵਿਚੱ ਮੁਕਾਬਲਾ ਕਰਨ ਜਿਸ ਦਾ ਅਸੀਂ ਇਸ ਇਸ਼ਤਿਹਾਰ ਵਿਚੱ ਵਰਨਣ ਕੀਤਾ ਹੈ । ਸਾਨੂੰ ਕਰਮਕ ਰੂਪ ਵਿਚੱ ਉਹਨਾ ਦੇ ਰਸੂਲ ਦਰਸ਼ਨਾ ਵਿਚੱ ਹੀ ਅਪੱਤੀ ਹੈ। ਬਜਾਏ ਇਸ ਦੇ ਕਿ ਉਹਨਾ ਦੇ ਰਸੂਲ ਦਰਸ਼ਨਾ ਨੂੰ ਪਰਵਾਨ ਕੀਤਾ ਜਾਏ । ਪਹਿਲੀ ਪਰਖ ਤਾਂ ਇਹੋ ਹੈ ਕਿ ਸੰਭਵਤਾ ਮੀਰ ਸਾਹਿਬ ਰਸੂਲ ਦਰਸ਼ਨਾਂ ਦੇ ਦਾਅਵੇ ਵਿਚੱ ਸੱਚੇ ਵੀ ਹਨ ਜਾਂ ਝੂੱਠੇ। ਜੇਕਰ ਸੱਚੇ ਹਨ ਤਾਂ ਫਿਰ ਆਪਣਾ ਕੋਈ ਸੁਪਨਾ ਜਾਂ ਦਿਵ ਦ੍ਰਿਸ਼ ਪ੍ਰਕਾਸ਼ਤ ਕਰਨ ਜਿਸ ਵਿਚੱ ਇਹ ਬਿਆਨ ਹੋਵੇ ਕਿ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਦੇ ਦਰਸ਼ਨ ਹੋਏ ਅਤੇ ਆਪ ਨੇ ਦਰਸ਼ਨਾਂ ਦੀ ਇਹ ਨਿਸ਼ਾਨੀ ਫਲਾਣੀ ਫਲਾਣੀ ਭਵਿਖੱਬਾਣੀ ਅਤੇ ਦੁਆਵਾਂ ਦੀ ਪਰਵਾਨਗੀ ਅਤੇ ਸੱਚਾਈ ਅਤੇ ਮੁਆਰਫ਼ਤ ਦੀ ਖੋਜ ਨੂੰ ਬਿਆਨ ਕੀਤਾ । ਇਸ ਦੇ ਬਾਦ ਰਸੂਲ ਨੁਮਾਈ ਦਾ ਸੱਦਾ ਦੇਣ ਅਤੇ ਇਹ ਵਿਨਮ੍ਰ ਸੱਚਾਈ ਦੇ ਪਖੱਤਾ ਦੀ ਭਾਵਨਾ ਨਾਲ ਇਸ ਗਲੱ ਲਈ ਵੀ

ਹਾਜ਼ਰ ਹੈ ਕਿ ਮੀਰ ਸਾਹਿਬ ਰਸੂਲ ਨੁਮਾਈ ਦਾ ਅਜੂਬਾ ਵੀ ਵਿਖਾਉਣ ਲਈ ਕਾਦੀਆਂ ਆ ਜਾਣ । ਮਸਜਿਦ ਮੌਜੂਦ ਹੈ । ਇਹਨਾਂ ਦੇ ਆਉਣ ਜਾਣ ਅਤੇ ਖ਼ੁਰਾਕ ਦਾ ਸਾਰਾ ਖਰਚਾ ਇਸ ਵਿਨੀਤ ਦੇ ਜ਼ਿੰਮੇ ਹੋਵੇਗਾ ਅਤੇ ਇਹ ਵਿਨੀਤ ਸਾਰਿਆਂ ਸਰੋਤਿਆਂ ਉੱਤੇ ਜ਼ਾਹਰ ਕਰਦਾ ਹੈ ਕਿ ਇਹ ਕੇਵਲ ਗੱਪਾਂ ਹਨ। ਕੁਝ ਵੀ ਵਿਖਾ ਨਹੀਂ ਸਕਦੇ । ਜੇਕਰ ਆਉਣਗੇ ਤਾਂ ਆਪਣੀ ਪਰਦਾ-ਦਰੀ ਕਰਾਉਣਗੇ । ਸੂਝੱਵਾਨ ਸੋਚ ਸਕਦੇ ਹਨ ਕਿ ਜਿਸ ਵਿਅਕਤੀ ਨੇ ਬੈਅਤ ਕੀਤੀ ਅਤੇ ਮੁਰੀਦਾ ਵਿਚੱ ਰਿਹਾ ਅਤੇ ਦਸੱ ਸਾਲ ਤਕੱ ਦੇ ਲੰਮੇ ਸਮੇਂ ਤਕੱ ਇਸ ਵਿਨਮ੍ਰ ਨੂੰ ਖ਼ਲੀਫ਼ਾਤੁੱਲਾਹ, ਇਮਾਮ ਅਤੇ ਮੁਜਦਦੱ ਕਹਿੰਦਾ ਰਿਹਾ ਅਤੇ ਆਪਣੇ ਸੁਪਨੇ ਸੁਣਾਉਂਦਾ ਰਿਹਾ ਕਿ ਉਹ ਇਸ ਦਾਅਵੇ ਵਿਚੱ ਸੱਚਾ ਹੈ । ਮੀਰ ਸਾਹਿਬ ਦੀ ਹਾਲਤ ਅਤਿਅੰਤ ਦੁਖੱਦਾਈ ਹੈ । ਰਬੱ ਉਹਨਾਂ ਉੱਤੇ ਰਹਿਮ ਕਰੇ । ਭਵਿਖੱਬਾਣੀਆਂ ਦੇ ਉਡੀਕਵਾਨ ਰਹਿਣ ਜੋ ਪ੍ਰਕਟ ਹੋਣਗੀਆਂ । "ਅਜ਼ਾਲਾ ਓਹਾਮ" ਦੇ ਪੰਨਾ 855 ਨੂੰ ਵੇਖਣ, ਅਜ਼ਾਲਾ ਓਹਾਮ ਦੇ ਪੰਨਾ 635 ਅਤੇ 396 ਦਾ ਧਿਆਨ ਨਾਲ ਅਧਿਐਨ ਕਰਨ । ਇਸ਼ਤਿਹਾਰ 10 ਜੁਲਾਈ 1887 ਈ. ਦੀ ਭਵਿਖੱਬਾਣੀ ਦੀ ਉਡੀਕ ਕਰਨ। ਜਿਸ ਦੇ ਨਾਲ ਇਹ ਇਲਹਾਮ ਵੀ ਹੈ يسئلونك احق هو قل اى وربى انه لحق وما انتم بمعجزين زوجنا كها لا مبدل لكلماتى۔ وان يروا اٰية يعرضوا و يقولوا سحر مستمر۔ ਅਤੇ ਤੈਨੂੰ ਪੁਛੱਦੇ ਹਨ ਕਿ ਕੀ ਇਹ ਗਲੱ ਸਚੱ ਹੈ ਕਹਿ ਹਾਂ, ਮੈਨੂੰ ਆਪਣੇ ਰਬੱ ਦੀ ਸਹੁੰ ਹੈ ਕਿ ਇਹ ਸਚੱ ਹੈ ਅਤੇ ਤੁਸੀਂ

ਇਸ ਗਲੱਂ ਨੂੰ ਪ੍ਰਕਟ ਹੋਣ ਤੋਂ ਰੋਕ ਨਹੀਂ ਸਕਦੇ । ਅਸੀਂ ਆਪ ਇਸ ਨਾਲ ਤੇਰਾ ਸੰਬੰਧ ਬਣਾ ਦਿੱਤਾ ਹੈ। ਮੇਰੀਆਂ ਗੱਲਾਂ ਨੂੰ ਕੋਈ ਬਦਲਾ ਨਹੀਂ ਸਕਦਾ ਅਤੇ ਨਿਸ਼ਾਨ ਵੇਖ ਕੇ ਮੂੰਹ ਫੇਰ ਲੈਣਗੇ ਅਤੇ ਕੁਬੂਲ ਨਹੀਂ ਕਰਨਗੇ ਅਤੇ ਕਹਿਣਗੇ ਕਿ ਇਹ ਕੋਈ ਪੱਕਾ ਫ਼ਰੇਬ ਜਾਂ ਪੱਕਾ ਜਾਦੂ ਹੈ ।

ਸਲਾਮਤੀ ਹੋਵੇ ਉਸ ਉੱਤੇ ਜਿਸ ਨੇ ਸਾਡੇ ਰਾਜ਼ ਸਮਝੇ ਅਤੇ ਹਦਾਯਤ ਦੀ ਪੈਰਵੀ ਕੀਤੀ ।

ਨਸੀਹਤ ਕਰਨ ਵਾਲਾ ਹਮਦਰਦ

ਖ਼ਾਕਸਾਰ ਗ਼ੁਲਾਮ ਅਹਮਦ ਕਾਦੀਆਨੀ

27 ਦਸੰਬਰ 1891 ਈ.

# ਸੂਚਨਾ

ਇਸ ਵਿਨੀਤ ਦੀ ਬੈਅਤ ਦੇ ਸਿਲਸਿਲੇ (ਜਮਾਅਤ) ਵਿਚੱ ਦਾਖ਼ਲ ਹੋਣ ਵਾਲੇ ਸਾਰਿਆਂ ਮੁਖ਼ਲਿਸਾਂ (ਨੇਕ ਲੋਕਾਂ) ਉਪੱਰ ਜ਼ਾਹਰ ਹੋਵੇ ਕਿ ਬੈਅਤ ਕਰਨ ਤੋਂ ਭਾਵ ਇਹ ਹੈ ਕਿ ਦੁਨੀਆ ਦਾ ਮੋਹ ਸ਼ਾਂਤ ਹੋਵੇ ਅਤੇ ਆਪਣੇ ਮੌਲਾ ਕਰੀਮ (ਰਬੱ) ਅਤੇ ਰਸੂਲੇ ਮਕਬੂਲ ਸਲੱਲਾਹੋ ਅਲੈਹਿ ਵਸਲੱਮ ਦਾ ਪ੍ਰੇਮ ਮਨ ਉੱਤੇ ਗ਼ਾਲਬ ਆ ਜਾਏ ਅਤੇ ਅਜਿਹੀ ਅਟੁੱਟ ਅਵਸਥਾ ਪੈਦਾ ਹੋ ਜਾਏ। ਜਿਸ ਨਾਲ ਅੰਤਿਮ ਸਫ਼ਰ ਮਕਰੂਹ (ਭੈੜਾ) ਨ ਲੱਗੇ। ਪਰੰਤੂ ਇਸ ਉਦੇਸ਼ ਦੀ ਪ੍ਰਾਪਤੀ ਲਈ ਸੰਗਤ ਵਿਚੱ ਰਹਿਣਾ ਅਤੇ ਆਪਣੀ ਉਮਰ ਦਾ ਇਕੱ ਭਾਗ ਇਸ ਮਾਰਗ ਵਿਚੱ ਖ਼ਰਚ ਕਰਨਾ ਜ਼ਰੂਰੀ ਹੈ ਤਾਂ ਜੋ ਜੇਕਰ ਰਬੱ ਚਾਹੇ ਤਾਂ ਕਿਸੇ ਵਿਸ਼ਵਸਨੀ ਦਲੀਲ ਦੇ ਅਵਲੋਕਣ ਰਾਹੀਂ ਕਮਜ਼ੋਰੀ, ਘਾਟ ਅਤੇ ਭਰਮ ਦੂਰ ਹੋ ਜਾਵੇ ਅਤੇ ਕਾਮਲ ਯਕੀਨ ਪੈਦਾ ਹੋ ਕੇ ਆਨੰਦ, ਖਿਚੱ, ਵਲਵਲਾ ਅਤੇ ਪ੍ਰੇਮ ਪੈਦਾ ਹੋ ਜਾਏ। ਸੋ, ਇਸ ਗਲੱ ਲਈ ਸਦਾ ਚਿੰਤਨ ਰਖੱਣਾ ਚਾਹੀਦਾ ਹੈ ਅਤੇ ਦੁਆ ਕਰਨੀ ਚਾਹੀਦੀ ਹੈ ਕਿ ਰਬੱ ਸਾਨੂੰ ਇਹ ਸੰਜੋਗ ਪ੍ਰਦਾਨ ਕਰੇ ਅਤੇ ਜਦੱ ਤਕੱ ਇਹ ਸੰਯੋਗ ਹਾਸਲ ਨ ਹੋਵੇ। ਕਦੇ ਕਦੇ ਜ਼ਰੂਰ ਮਿਲਣਾ ਚਾਹੀਦਾ ਹੈ। ਕਿਉਂਕਿ ਬੈਅਤ ਦੇ ਸਿਲਸਿਲੇ ਵਿਚੱ ਦਾਖ਼ਲ ਹੋ ਕੇ ਫਿਰ ਮੁਲਾਕਾਤ (ਭੇਟ) ਕਰਨ ਦੀ ਪਰਵਾਹ ਨ ਰਖੱਣਾ। ਅਜਿਹੀ ਬੈਅਤ ਨਿਰੀ ਪੁਰੀ ਬੇਬਰਕਤ ਅਤੇ ਕੇਵਲ ਇਕ ਰਸਮ ਰੂਪ ਵਿਚੱ ਹੈ। ਸੋ, ਹਰ ਇਕੱ

ਲਈ ਮਨੁੱਖੀ ਸੁਭਾਉ ਦੀ ਕਮਜ਼ੋਰੀ ਦੇ ਸਬਬ ਜਾਂ ਸਾਧਨਾ ਦੀ ਘਾਟ ਜਾਂ ਸਫ਼ਰ ਦੇ ਕਸ਼ਟਾਂ ਕਰਕੇ ਇਹ ਉਪਲਬਧੀ ਨਹੀਂ ਹੋ ਸਕਦੀ ਕਿ ਉਹ ਆਣ ਕੇ ਸੰਗਤ ਵਿਚੱ ਰਹਿਣ ਜਾਂ ਸਾਲ ਵਿਚੱ ਕੁਝੱ ਵਾਰੀ ਕਸ਼ਟ ਝੱਲ ਕੇ ਮੁਲਾਕਾਤ ਲਈ ਆਉਣ। ਕਿਉਂਕਿ ਬਹੁਤਿਆਂ ਵਿਚੱ ਅਜੇ ਕੁਝੱ ਅਜਿਹਾ ਜੋਸ਼ ਅਤੇ ਸ਼ੌਕ ਨਹੀਂ ਕਿ ਮੁਲਾਕਾਤ ਲਈ ਵੱਡੇ ਵੱਡੇ ਕਸ਼ਟਾਂ ਅਤੇ ਵੱਡੇ ਵੱਡੇ ਹਰਬਿਆਂ ਨੂੰ ਆਪਣੇ ਉਪੱਰ ਜਾਰੀ ਰਖੱ ਸਕਣ। ਇਸ ਲਈ ਇਹਨਾ ਸਮੱਸਿਆਵਾਂ ਦੇ ਅਨੁਕੂਲ ਮਾਲੂਮ ਹੁੰਦਾ ਹੈ ਕਿ ਸਾਲ ਵਿਚੱ ਤਿੰਨ ਦਿਨ ਅਜਿਹੇ ਜਲਸੇ (ਸਮਾਰੋਹ) ਲਈ ਨਿਯੁੱਕਤ ਕੀਤੇ ਜਾਣ। ਜਿਸ ਵਿਚੱ ਸਾਰੇ ਨੇਕ ਲੋਕ ਜੇਕਰ ਰਬੱ ਚਾਹੇ ਬਸ਼ਰਤੇ ਸਵਾਸਥ, ਵਿਹਲ ਅਤੇ ਬਿਨਾ ਕਿਸੇ ਠੋਸ ਰੋਕ ਦੇ ਨਿਯੁੱਕਤ ਮਿੱਤੀ ਉੱਤੇ ਹਾਜ਼ਰ ਹੋ ਸਕਣ। ਸੋ ਮੇਰੇ ਵਿਚਾਰ ਵਿਚੱ ਬਿਹਤਰ ਹੈ ਕਿ ਉਹ ਮਿੱਤੀ 27 ਦਸੰਬਰ ਤੋਂ 29 ਦਸੰਬਰ ਤਕੱ ਨਿਯੁੱਕਤ ਹੋਵੇ। ਅਰਥਾਤ ਅਜੱ ਦੇ ਦਿਨ ਦੇ ਬਾਦ ਜੋ ਤੀਹ ਦਸੰਬਰ 1891 ਈ. ਹੈ। ਭਵਿਖੱ ਵਿਚੱ ਜੇਕਰ ਸਾਡੇ ਜੀਵਨ ਵਿਚੱ 27 ਦਸੰਬਰ ਦੀ ਮਿੱਤੀ ਆ ਜਾਏ ਤਾਂ ਜਿੱਥੋਂ ਤਕੱ ਹੋ ਸਕੇ ਸਾਰਿਆਂ ਮਿਤੱਰਾਂ ਨੂੰ ਕੇਵਲ ਰਬੱ ਖ਼ਾਤਰ ਰੱਬਾਨੀ ਗੱਲ੍ਹਾਂ ਦੇ ਸੁਣਨ ਲਈ ਅਤੇ ਦੁਆ ਵਿਚੱ ਸ਼ਾਮਿਲ ਹੋਣ ਲਈ ਇਸ ਨਿਰਧਾਰਤ ਮਿੱਤੀ ਉੱਤੇ ਆ ਜਾਣਾ ਚਾਹੀਦਾ ਹੈ ਅਤੇ ਇਸ ਜਲਸੇ ਵਿਚੱ ਅਜਿਹੀ ਸੱਚਾਈਆਂ ਅਤੇ ਮੁਆਰਫ਼ਤ ਦੀਆਂ ਗੱਲ੍ਹਾਂ ਸੁਣਾਈ ਜਾਣਗੀਆਂ। ਜੋ ਇਮਾਨ,

ਆਸਥਾ, ਵਿਸ਼ਵਾਸ ਅਤੇ ਮੁਆਰਫ਼ਤ ਨੂੰ ਤਰੱਕੀ ਦੇਣ ਲਈ ਜ਼ਰੂਰੀ ਹਨ। ਭਾਵ ਉਹਨਾਂ ਮਿਤੱਰਾਂ ਲਈ ਵਿਸ਼ੇਸ਼ ਦੁਆਵਾਂ ਅਤੇ ਵਿਸ਼ੇਸ਼ ਧਿਆਨ ਅਤੇ ਤਵਜੁੱਹ ਹੋਵੇਗੀ ਅਤੇ ਜਿੱਥੇ ਤਕੱ ਸੰਭਵ ਹੋ ਸਕੇ ਮਿਹਰਬਾਨ ਰਬੱ ਦੀ ਦਰਗਾਹ ਵਿਚੱ ਜਤਨ ਕੀਤਾ ਜਾਏਗਾ ਕਿ ਰਬੱ ਆਪਣੇ ਵਲੋਂ ਇਹਨਾਂ ਨੂੰ ਖਿੱਚੇ ਅਤੇ ਆਪਣੇ ਲਈ ਕੁਬੂਲ ਕਰ ਲਏ ਅਤੇ ਪਾਕ ਤਬਦੀਲੀ ਇਹਨਾਂ ਵਿਚੱ ਬਖ਼ਸ਼ੇ ਅਤੇ ਇਕੱ ਆਰਜ਼ੀ ਲਾਭ ਇਹਨਾਂ ਜਲਸਿਆਂ ਦਾ ਇਹ ਵੀ ਹੋਵੇਗਾ ਕਿ ਹਰ ਇਕੱ ਨਵੇਂ ਸਾਲ ਵਿਚੱ ਜਿੰਨ੍ਹੇ ਭਰਾ ਇਸ ਜਮਾਅਤ ਵਿਚੱ ਦਾਖ਼ਲ ਹੋਣਗੇ। ਉਹ ਨਿਰਧਾਰਤ ਮਿੱਤੀਆਂ ਵਿਚੱ ਹਾਜ਼ਰ ਹੋ ਕੇ ਆਪਣੇ ਪਹਿਲੇ ਭਰਾਵਾਂ ਦੇ ਮੂੰਹ ਵੇਖ ਲੈਣਗੇ ਅਤੇ ਪ੍ਰੀਚਿਤ ਹੋ ਕੇ ਆਪੋ ਵਿਚੱ ਜਾਣ ਪਛਾਣ ਅਤੇ ਸੰਬੰਧਾਂ ਵਿਚੱ ਵਾਧਾ ਹੁੰਦਾ ਰਹੇਗਾ ਅਤੇ ਜੋ ਭਰਾ ਇਸ ਫ਼ਾਨੀ ਜਹਾਨ ਵਿੱਚੋਂ ਕੂਚ ਕਰ ਜਾਣਗੇ। ਇਸ ਜਲਸੇ ਵਿਚੱ ਉਨ੍ਹਾਂ ਲਈ ਬਖ਼ਸ਼ਿਸ਼ ਦੀ ਦੁਆ ਕੀਤੀ ਜਾਏਗੀ ਅਤੇ ਸਾਰਿਆਂ ਭਰਾਵਾਂ ਨੂੰ ਰੂਹਾਨੀ ਤੌਰ ਉੱਤੇ ਇਕੱ ਕਰਨ ਲਈ ਉਹਨਾਂ ਦੀ ਖ਼ੁਸ਼ਕੀ, ਓਪਰੇਪਨ ਅਤੇ ਦੂਰੀ ਨੂੰ ਚੁਕੱ ਦੇਣ ਲਈ ਜਲਾਲ ਵਾਲੇ ਰਬੱ ਦੀ ਦਰਗਾਹੇ ਜਤਨ ਕੀਤੇ ਜਾਣਗੇ ਅਤੇ ਇਸ ਰੂਹਾਨੀ ਜਲਸੇ ਵਿਚੱ ਹੋਰ ਵੀ ਕਈ ਰੂਹਾਨੀ ਲਾਭ ਹੋਣਗੇ। ਜੋ ਇੰਸ਼ਾ-ਅਲਾਹ ਰਬੱ ਦੀ ਕੁਦਰਤ ਰਾਹੀਂ ਸਮੇਂ ਸਮੇਂ ਜ਼ਾਹਰ ਹੁੰਦੇ ਰਹਿਣਗੇ। ਸਾਧਨਾ ਦੀ ਘਾਟ ਵਾਲੇ ਲੋਕਾਂ ਲਈ ਉਚਿੱਤ ਹੋਵੇਗਾ ਕਿ ਪਹਿਲਾਂ ਤੋਂ ਹੀ ਇਸ ਜਲਸੇ ਵਿਚੱ ਹਾਜ਼ਰ

ਹੋਣ ਲਈ ਚਿੰਤਾ ਰਖੱਣ । ਜੇਕਰ ਤਦਬੀਰ ਅਤੇ ਸੂਘੜਤਾ ਨਾਲ ਕੁਝੱ ਥੋੜਾ ਥੋੜਾ ਸਰਮਾਇਆ ਸਫ਼ਰ ਖਰਚ ਲਈ ਪ੍ਰਤੀ ਦਿਨ ਜਾਂ ਪ੍ਰਤੀ ਮਹੀਨਾ ਜਮਾ ਕਰਦੇ ਰਹਿਣ ਅਤੇ ਅਡੱ ਰਖੱਦੇ ਜਾਣ ਤਾਂ ਸਫ਼ਰ ਸਮੇਂ ਬਿਨਾ ਔਕੜ ਦੇ ਖ਼ਰਚ ਉਪਲਭਦ ਹੋਵੇਗਾ । ਸੰਭਵਤਾ ਇਹ ਸਫ਼ਰ ਮੁਫ਼ਤ ਹੀ ਉਪਲਭਧ ਹੋਵੇਗਾ ਅਤੇ ਚੰਗਾ ਹੋਵੇਗਾ ਕਿ ਜੋ ਸਾਹਿਬ ਲੋਕਾਂ ਵਿੱਚੋਂ ਇਸ ਵਿਉਂਤ ਨੂੰ ਸਵੀਕਾਰ ਕਰਨ। ਉਹ ਮੈਂਨੂੰ ਹੁਣੇ ਆਪਣੀ ਵਿਸ਼ੇਸ਼ ਲਿਖੱਤ ਨਾਲ ਸੂਚਿੱਤ ਕਰ ਦੇਣ ਤਾਂ ਜੋ ਇਕੱ ਵਖੱਰੀ ਸੂਚੀ ਵਿਚੱ ਉਹਨਾਂ ਸਾਰਿਆਂ ਲੋਕਾਂ ਦੇ ਨਾਂ ਸੁਰਖਿੱਅਤ ਰਹਿਣ । ਜੋ ਜਿੱਥੋਂ ਤਕੱ ਹੋ ਸਕੇ ਆਪਣੀ ਸਮਰਥਾ ਅਨੁਸਾਰ ਨਿਰਧਾਰਤ ਮਿੱਤੀ ਉੱਤੇ ਹਾਜ਼ਰ ਹੋਣ ਲਈ ਆਪਣੇ ਭਵਿੱਖ ਦੇ ਜੀਵਨ ਲਈ ਪ੍ਰਣ ਕਰ ਲੈਣ ਅਤੇ ਤਨ ਮਨ ਨਾਲ ਪੱਕੇ ਪ੍ਰਣ ਨਾਲ ਹਾਜ਼ਰ ਹੋ ਜਾਇਆ ਕਰਨ । ਸਿਵਾਏ ਇਸ ਦੇ ਕਿ ਅਜਿਹੀਆਂ ਰੋਕਾਂ ਪੈਸ਼ ਆ ਜਾਣ। ਜਿੰਨ੍ਹਾ ਵਿਚੱ ਸਫ਼ਰ ਕਰਨਾ ਆਪਣੇ ਅਖ਼ਤਿਆਰ ਤੋਂ ਬਹਾਰ ਹੋਵੇ । ਅਤੇ ਹੁਣ ਜੋ 27 ਦਸੰਬਰ 1891 ਈ. ਨੂੰ ਦੀਨੀ ਮਸ਼ਵਰੇ ਲਈ ਜਲਸਾ ਕੀਤਾ ਗਿਆ ਹੈ । ਇਸ ਜਲਸੇ ਉੱਤੇ ਜਿੰਨ੍ਹੇ ਲੋਕ ਕੇਵਲ ਰਬੱ ਲਈ ਸਫ਼ਰ ਦੇ ਕਸ਼ਟ ਝਲੱ ਕੇ ਹਾਜ਼ਰ ਹੋਏ ਹਨ। ਰਬੱ ਉਹਨਾਂ ਨੂੰ ਚੰਗਾ ਵਟਾਂਦਰਾ ਪ੍ਰਦਾਨ ਕਰੇ ਅਤੇ ਉਹਨਾਂ ਦੇ ਹਰ ਇਕੱ ਕਦਮ ਦਾ ਪੁੰਨ ਉਹਨਾਂ ਨੂੰ ਪ੍ਰਦਾਨ ਕਰੇ । ਆਮੀਨ ਸੁੱਮਾ ਆਮੀਨ ।

# ਘੋਸ਼ਣਾ

ਸਾਡੇ ਕੋਲ੍ਹ ਕੁਝੱ ਜਿਲਦਾਂ ਰਸਾਲਾ ਫ਼ਤਹਿ ਇਸਲਾਮ ਅਤੇ ਤੌਜ਼ੀਹ ਮਰਾਮ ਮੌਜੂਦ ਹਨ। ਜਿੰਨ੍ਹਾ ਦਾ ਮੁਲੱ੍ਹ ਇਕੱ ਰੁਪੱਏ ਹੈ ਅਤੇ ਕੁਝੱ ਜਿਲਦਾਂ ਕਿਤਾਬ ਅਜ਼ਾਲਾ ਓਹਾਮ ਦੀਆਂ ਮੌਜੂਦ ਹਨ। ਜਿਸ ਦਾ ਮੁਲੱ੍ਹ ਤਿੰਨ ਰੁਪੱਏ ਪ੍ਰਤੀ ਜਿਲਦ ਹੈ। ਡਾਕ ਖ਼ਰਚ ਵਖੱਰਾ ਹੈ। ਜੋ ਸਾਹਿਬ ਖ਼ਰੀਦਨਾ ਚਾਹੁੰਦੇ ਹਨ, ਮੰਗਵਾ ਲੈਣ। ਪਤਾ ਇਹ ਹੈ ਕਾਦੀਆਂ ਜ਼ਿਲਾ ਗੁਰਦਾਸਪੁਰ ਬਨਾਮ ਲੇਖਕ ਰਸਾਲਾ। ਜੇਕਰ ਚਾਹੁਣ ਤਾਂ ਪਟਿਆਲਾ ਤੋਂ ਮੀਰ ਨਾਸਿਰ ਨਵਾਬ ਸਾਹਿਬ ਨਕਸ਼ਾ ਨਵੀਸ ਦਫ਼ਤਰ ਨਹਿਰ ਤੋਂ ਲੈ ਸਕਦੇ ਹਨ। ਅਤੇ ਇਹ ਕਿਤਾਬਾਂ ਪੰਜਾਬ ਪ੍ਰੈਸ ਸਿਆਲਕੋਟ ਵਿਚੱ ਮੌਲਵੀ ਗ਼ੁਲਾਮ ਕਾਦਰ ਸਾਹਿਬ ਫ਼ਸੀਹ ਮਾਲਿਕ ਦੇ ਪ੍ਰਬੰਧਕ ਕੋਲ੍ਹ ਵੀ ਮੌਜੂਦ ਹਨ। ਉੱਥੋਂ ਵੀ ਮੰਗਵਾ ਸਕਦੇ ਹਨ।